
FARM AND SPICE
Open 7 Days a Week
8.30 am to 9.00 pm
SPECIAL OFFERS: 13-19 OCT
Daily Specials on
ਗਾਜਰ
Carrot Snaptop
99¢ /lb
ਗਾਲਾ ਬੀ ਸੀ ਸੇਬ
Gala BC Apple
99¢ /lb
ਸੰਨਰਾਈਜ਼ ਸੇਬ
Sunrise Apple
99¢ /lb
ਲੈਟਿਸ ਹੈੱਡ
Lettuce Head
$1.99 each
ਲਸਣ
Garlic Bulk
$1.99 /lb
ਆਵੋਕਾਡੋ
Avocado
99¢ each
ਸੈਲਰੀ
Celery
$1.99 each
ਹਰਾ ਨਾਰੀਅਲ
Young coconut
$2.99 each
ਪੀਅਰਜ਼
Pears
$1.49 /lb
ਬੈਂਗਣ ਲੰਬੇ
Egg Plant Long
$1.99 /lb
ਮੈਂਗੋ ਪਲਪ
Guruji Mango Pulp
850g
$3.99 each
ਅਸ਼ੋਕਾ ਸਾਗ
Ashoka Sarson Ka Saag
850g
$1.79 each
ਹੀਰ ਦਾਲਾਂ
Heer Lentils
Moong Washed / Moong Whole/Chickpeas
Moth/Chana Dal/Red Split/Kala Chana/Urad Whole/
4lb
$5.99 each
ਸਵਰਨ ਗੁੜ
Swarn Pesi Gur
1kg
$3.99 each
ਅਖਰੋਟ
Walnuts Bulk
$4.49 /lb
ਚਿੰਗ ਨੂਡਲਜ਼
Ching Assorted Noodles
240g
$1.99 each
ਮੇਰੀ ਚਾਹ
Meri Chai Tea Bags
216Bags
$6.99 each
ਹੀਰ ਖੰਡ
Heer Sugar White/Brown
8 lb
$7.99 each
ਹੈਲੋ ਜੀ ਚਾਵਲ
Hello JI Basmati Rice
8lb
$9.99 each
ਕ੍ਰਾਊਨ ਤੇਲ
Crown Sunflower Oil
3 ltr
$14.99 each
NAVRATRI SPECIAL
#9546-9548 Scott Town Plaza 96 Ave Scott Road Surrey
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last

# ਦੋ ਸਾਲਾਂ 'ਚ ਦੇਸ਼ 'ਚੋਂ ਖੱਬੇਪੱਖੀ ਅਤਿਵਾਦ ਦਾ ਪੂਰੀ ਤਰ੍ਹਾਂ ਖਾਤਮਾ ਕਰ ਦਿੱਤਾ ਜਾਵੇਗਾ:ਸ਼ਾਹ

ਨਵੀਂ ਦਿੱਲੀ: ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਖੱਬੇ ਪੱਖੀ ਕੱਟੜਵਾਦ (ਐਲ.ਡਬਲਯੂ.ਈ.) ਦਾ ਦੋ ਸਾਲਾਂ ਵਿਚ ਦੇਸ਼ ਵਿਚੋਂ ਪੂਰੀ ਤਰ੍ਹਾਂ ਸਫਾਇਆ ਕਰ ਦਿਤਾ ਜਾਵੇਗਾ। ਸ਼ਾਹ ਨੇ ਨਕਸਲ ਮੁਕਤ ਖੇਤਰਾਂ 'ਚ ਲਗਾਤਾਰ ਨਿਗਰਾਨੀ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਉੱਥੇ ਮੁੜ ਉੱਭਰ ਨਾ ਜਾਵੇ।



ਸ਼ਾਹ ਨੇ ਇਹ ਵੀ ਕਿਹਾ ਕਿ ਮੋਦੀ ਸਰਕਾਰ ਨੇ 2014 ਤੋਂ ਖੱਬੇ-ਪੱਖੀ ਕੱਟੜਪੰਥ ਵਿਰੁਧ ਜ਼ੀਰੋ-ਟੌਲਰੈਂਸ ਨੀਤੀ ਅਪਣਾਈ ਹੈ।ਉਨ੍ਹਾਂ ਕਿਹਾ ਕਿ ਦੋ ਸਾਲਾਂ 'ਚ ਦੇਸ਼ ਵਿੱਚੋਂ ਖੱਬੇਪੱਖੀ ਅਤਿਵਾਦ ਦਾ ਪੂਰੀ ਤਰ੍ਹਾਂ ਸਫਾਇਆ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ, ''ਨਕਸਲਵਾਦ ਮਨੁੱਖਤਾ ਲਈ ਇੱਕ ਸਰਾਪ ਹੈ ਅਤੇ ਅਸੀਂ ਇਸ ਦੇ ਹਰ ਰੂਪ 'ਚ ਇਸ ਨੂੰ ਜੜ੍ਹੋਂ ਪੁੱਟਣ ਲਈ ਵਚਨਬੱਧ ਹਾਂ।''ਗ੍ਰਹਿ ਮੰਤਰੀ ਸ਼ਾਹ ਨੇ ਕਿਹਾ ਕਿ ਸਾਰੇ ਪ੍ਰਭਾਵਿਤ ਰਾਜਾਂ ਨੂੰ ਖੱਬੇ ਪੱਖੀ ਕੱਟੜਪੰਥ ਦੀ ਵਿੱਤੀ ਸਹਾਇਤਾ ਦੇ ਨੈੱਟਵਰਕ ਨੂੰ ਖਤਮ ਕਰਨ ਲਈ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੀ ਇੱਕ ਸਾਂਝੀ ਟੀਮ ਬਣਾ ਕੇ ਯਤਨ ਕਰਨ ਦੀ ਲੋੜ ਹੈ।

ਸ਼ਾਹ ਨੇ ਕਿਹਾ ਕਿ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨ.ਆਈ.ਏ.) ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਖੱਬੇ ਪੱਖੀ ਕੱਟੜਪੰਥ ਦੇ ਵਿੱਤ ਉੱਤੇ ਹਮਲਾ ਕਰਨ ਲਈ ਰਾਜ ਦੀਆਂ ਸਾਰੀਆਂ ਏਜੰਸੀਆਂ ਨਾਲ ਮਿਲ ਕੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਗੱਲ 'ਤੇ ਵੀ ਨਜ਼ਰ ਰੱਖਣ ਦੀ ਲੋੜ ਹੈ ਕਿ ਜਿਨ੍ਹਾਂ ਇਲਾਕਿਆਂ ਤੋਂ ਇਹ ਸਮੱਸਿਆ ਖ਼ਤਮ ਹੋਈ ਹੈ, ਉੱਥੋਂ ਦੇ ਨਕਸਲੀ ਹੋਰ ਰਾਜਾਂ 'ਚ ਪਨਾਹ ਨਾ ਲੈਣ।

# ਪਾਕਿਸਤਾਨ ਦੇ ਸਿੰਧ ਇਲਾਕੇ ਨੂੰ ਭਾਰਤ ਨਾਲ ਮਿਲਾਵਾਂਗੇ:ਯੋਗੀ ਅਦਿੱਤਿਆ ਨਾਥ



ਲਖਨਊ:ਸਦੀਆਂ ਪੁਰਾਣੀ ਬਾਬਰੀ ਮਸਜਿਦ ਨੂੰ ਢਾਹੁਣ ਅਤੇ ਰਾਮ ਦੀ ਜਨਮ ਭੂਮੀ ਨੂੰ ਮੁੜ ਕਬਜ਼ਾ ਅਤੇ ਰਾਮ ਮੰਦਰ ਦੀ ਉਸਾਰੀ ਦੀ ਵਡਿਆਈ ਕਰਦੇ ਹੋਏ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਪਾਕਿਸਤਾਨ ਦੇ ਸਿੰਧ ਸੂਬੇ ਨੂੰ (ਸਿੰਧੂ) 'ਤੇ ਮੁੜ ਭਾਰਤ ਨਾਲ ਮਿਲਾਉਂਣ ਦਾ ਐਲਾ ਕੀਤਾ ਹੈ।ਆਦਿਤਿਆਨਾਥ ਨੇ ਲਖਨਊ ਵਿੱਚ ਸਿੰਧੀ ਭਾਈਚਾਰੇ ਦੇ ਇੱਕ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਕਿਹਾ, "ਜੇਕਰ ਸ਼੍ਰੀ ਰਾਮ ਜਨਮ ਭੂਮੀ ਨੂੰ 500 ਸਾਲ ਬਾਅਦ ਵਾਪਸ ਲਿਆ ਜਾ ਸਕਦਾ ਹੈ ਤਾਂ ਸਿੰਧ (ਸਿੰਧੂ) ਨੂੰ ਵੀ ਵਾਪਸ ਲਿਆ ਜਾ ਸਕਦਾ ਹੈ।"ਸਿੰਧੀ ਕੌਂਸਲ ਆਫ ਇੰਡੀਆ ਵੱਲੋਂ ਦੋ ਰੋਜ਼ਾ ਸਿੰਧੀ ਸੰਮੇਲਨ ਕਰਵਾਇਆ ਗਿਆ।ਬੀਜੇਪੀ ਸ਼ਾਸਿਤ ਭਾਰਤ ਵਿੱਚ ਖਾਸ ਤੌਰ 'ਤੇ ਯੂਪੀ ਵਿੱਚ ਸਿੰਧੀ ਭਾਈਚਾਰੇ ਵਿੱਚ ਵਧ ਰਹੀ ਦੂਰੀ ਨੂੰ ਦਰਸਾਉਂਦੇ ਹੋਏ, ਯੋਗੀ ਆਦਿਤਿਆਨਾਥ ਨੇ ਭਾਈਚਾਰੇ ਨੂੰ ਸਨਾਤਨ ਧਰਮ ਦਾ ਇੱਕ ਅਨਿੱਖੜਵਾਂ ਅੰਗ ਦੱਸਿਆ। ਉਨਾ ਕਿਹਾ ਅਜੋਕੇ ਭਾਰਤ ਵਿੱਚ ਸਿੰਧੀ ਭਾਈਚਾਰਾ ਬਹੁਤ ਖੁਸ਼ਹਾਲ ਹੈ'।ਉਨ੍ਹਾਂ ਨੇ ਸਿੰਧ ਭਾਈਚਾਰੇ ਨੂੰ ਸਖ਼ਤ ਚੇਤਾਵਨੀ ਦਿੰਦੇ ਹੋਏ ਕਿਹਾ, "ਹਰ ਕਿਸੇ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਨਾਲ ਖਿਲਵਾੜ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਢੁੱਕਵਾਂ ਜਵਾਬ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ।ਪਾਕਿਸਤਾਨ ਨੇ ਯੋਗੀ ਦੇ ਇਸ ਬਿਆਨ ਦੀ ਨਿਖੇਧੀ ਕੀਤੀ ਹੈ।ਉਨਾ ਕਿਹਾ ਕਿ ਇਹ ਦੋਨਾ ਦੇਸ਼ਾ ਵਿਚਕਾਰ ਭੜਕਾਹਟ ਪੈਦਾ ਕਰਨ ਵਾਲਾ ਬਿਆਨ ਹੈ।ਪਾਕਿਸਤਾਨ ਦੇ ਵਿਦੇਸ਼ ਦਫਤਰ ਦੀ ਬੁਲਾਰਾ ਮੁਮਤਾਜ਼ ਜ਼ਾਹਰਾ ਬਲੋਚ ਨੇ ਇੱਕ ਬਿਆਨ ਵਿੱਚ ਕਿਹਾ, "ਅਸੀਂ ਰਾਸ਼ਟਰੀ ਸਿੰਧੀ ਸੰਮੇਲਨ ਵਿੱਚ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ,ਦੁਆਰਾ ਕੀਤੀ ਗਈ ਅਤਿ ਗੈਰ-ਜ਼ਿੰਮੇਵਾਰਾਨਾ ਟਿੱਪਣੀ ਦੀ ਨਿੰਦਾ ਕਰਦੇ ਹਾਂ।ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਅਯੁੱਧਿਆ 'ਚ ਭਗਵਾਨ ਰਾਮ ਦੀ ਜਨਮ ਭੂਮੀ ਨੂੰ ਵਾਪਸ ਲੈਣ ਲਈ 6 ਦਸੰਬਰ 1992 ਨੂੰ ਹਿੰਦੂ ਸਰਪ੍ਰਸਤੀਵਾਦੀ ਭੀੜ ਨੇ ਇਤਿਹਾਸਕ ਬਾਬਰੀ ਮਸਜਿਦ ਨੂੰ ਢਾਹ ਦਿੱਤਾ ਸੀ। ਉਸਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਮੁੱਖ ਮੰਤਰੀ ਦੀਆਂ ਭੜਕਾਊ ਟਿੱਪਣੀਆਂ 'ਅਖੰਡ ਭਾਰਤ' (ਅਣਵੰਡੇ ਭਾਰਤ) ਦੇ ਬੇਤੁਕੇ ਦਾਅਵੇ ਤੋਂ ਪ੍ਰੇਰਿਤ ਹਨ।

# 5 ਰਾਜਾਂ ਵਿੱਚ ਚੋਣਾਂ ਦਾ ਐਲਾਨ:ਨਤੀਜੇ 3 ਦਸੰਬਰ ਨੂੰ

ਦਿੱਲੀ:-ਭਾਰਤੀ ਚੋਣ ਕਮਿਸ਼ਨ ਨੇ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਹੈ।ਕਮਿਸ਼ਨ ਨੇ ਕਿਹਾ ਕਿ 7 ਨਵੰਬਰ ਤੋਂ ਵੋਟਿੰਗ ਸ਼ੁਰੂ ਹੋਵੇਗੀ।ਛੱਤੀਸਗੜ੍ਹ 'ਚ ਦੋ ਪੜਾਵਾਂ 'ਚ 7 ਅਤੇ 17 ਨਵੰਬਰ ਨੂੰ ਵੋਟਿੰਗ ਹੋਵੇਗੀ, ਜਦਕਿ ਮਿਜ਼ੋਰਮ 'ਚ 7 ਨਵੰਬਰ, ਮੱਧ ਪ੍ਰਦੇਸ਼ 'ਚ 17 ਨਵੰਬਰ, ਰਾਜਸਥਾਨ 'ਚ 23 ਨਵੰਬਰ ਅਤੇ ਤੇਲੰਗਾਨਾ 'ਚ 30 ਨਵੰਬਰ ਨੂੰ ਵੋਟਿੰਗ ਹੋਣੀ ਹੈ।ਸਾਰੇ ਰਾਜਾਂ ਦੇ ਨਤੀਜੇ 3 ਦਸੰਬਰ ਨੂੰ ਆਉਣਗੇ। ਇਨ੍ਹਾਂ ਪੰਜ ਰਾਜਾਂ ਵਿੱਚ ਕੁੱਲ 679 ਵਿਧਾਨ ਸਭਾ ਹਲਕੇ ਹਨ, ਜੋ ਦੇਸ਼ ਦੇ ਕੁੱਲ ਵਿਧਾਨ ਸਭਾ ਹਲਕਿਆਂ ਦਾ ਛੇਵਾਂ ਹਿੱਸਾ ਹੈ। ਇੱਥੇ ਕੁੱਲ 16 ਕਰੋੜ ਵੋਟਰ ਹਨ, ਜੋ ਦੇਸ਼ ਦੇ ਕੁੱਲ ਵੋਟਰਾਂ ਦਾ ਲਗਭਗ ਛੇਵਾਂ ਹਿੱਸਾ ਹੈ।

# ਅਰੁੰਧਤੀ ਰਾਏ ਖਿਲਾਫ ਮੁਕੱਦਮਾ ਚਲਾਉਣ ਦੀ ਰਾਜਪਾਲ ਨੇ ਦਿੱਤੀ ਮਨਜ਼ੂਰੀ

ਦਿੱਲੀ:ਰਾਜਪਾਲ ਵੀਕੇ ਸਕਸੈਨਾ ਦੇ ਦਫਤਰ ਨੇ ਕਿਹਾ ਕਿ 2010 ਵਿੱਚ ਕਥਿਤ ਭੜਕਾਊ ਭਾਸ਼ਣਾਂ ਨਾਲ ਸਬੰਧਤ ਇੱਕ ਮਾਮਲੇ ਵਿੱਚ ਲੇਖਕ ਅਤੇ ਕਾਰਕੁਨ ਅਰੁੰਧਤੀ ਰਾਏ ਅਤੇ ਇੱਕ ਸਾਬਕਾ ਕਸ਼ਮੀਰੀ ਪ੍ਰੋਫੈਸਰ ਦੇ ਖਿਲਾਫ ਮੁਕੱਦਮਾ ਚਲਾਉਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਦ ਹਿੰਦੂ ਦੇ ਅਨੁਸਾਰ, ਮੈਟਰੋਪੋਲੀਟਨ ਮੈਜਿਸਟ੍ਰੇਟ, ਨਵੀਂ ਦਿੱਲੀ ਦੀ ਅਦਾਲਤ ਦੇ ਹੁਕਮਾਂ ਦੇ ਬਾਅਦ ਰਾਏ ਅਤੇ ਸਾਬਕਾ ਪ੍ਰੋਫੈਸਰ ਸ਼ੇਖ ਸ਼ੌਕਤ ਹੁਸੈਨ ਦੇ ਖਿਲਾਫ ਉਕਤ ਐਫਆਈਆਰ ਦਰਜ ਕੀਤੀ ਗਈ ਸੀ। ਇਹ ਸ਼ਿਕਾਇਤ ਕਸ਼ਮੀਰ ਦੇ ਇੱਕ ਸਮਾਜ ਸੇਵੀ ਸੁਸ਼ੀਲ ਪੰਡਿਤ ਨੇ 28 ਅਕਤੂਬਰ 2010 ਨੂੰ ਦਿੱਲੀ ਦੇ ਤਿਲਕ ਮਾਰਗ ਥਾਣੇ ਦੇ ਇੰਚਾਰਜ ਕੋਲ ਦਰਜ ਕਰਵਾਈ ਸੀ, ਜਿਸ ਨੇ ਦੋਸ਼ ਲਾਇਆ ਸੀ ਕਿ ਇਸੇ ਸਾਲ 21 ਅਕਤੂਬਰ ਨੂੰ 'ਕਮੇਟੀ ਫਾਰ ਰੀਲੀਜ਼' ਦੇ ਬੈਨਰ ਹੇਠ ਸਿਆਸੀ ਕੈਦੀਆਂ ਦੀ, 'ਆਜ਼ਾਦੀ' ਕਾਨਫਰੰਸ ਵਿਚ ਬੁਲਾਰਿਆਂ ਨੇ 'ਭੜਕਾਊ ਭਾਸ਼ਣ' ਦਿੱਤੇ ਅਤੇ ਉਨ੍ਹਾਂ ਮੁੱਦਿਆਂ 'ਤੇ ਚਰਚਾ ਕੀਤੀ ਜਿਨ੍ਹਾਂ ਦਾ ਉਦੇਸ਼ 'ਕਸ਼ਮੀਰ ਨੂੰ ਭਾਰਤ ਤੋਂ ਵੱਖ ਕਰਨਾ' ਸੀ। ਉਨ੍ਹਾਂ ਅਨੁਸਾਰ ਇਹ ਭਾਸ਼ਣ 'ਭੜਕਾਊ' ਕਿਸਮ ਦੇ ਸਨ, ਜਿਸ ਕਾਰਨ ਜਨਤਕ ਸ਼ਾਂਤੀ ਅਤੇ ਸੁਰੱਖਿਆ ਨੂੰ ਖ਼ਤਰਾ ਪੈਦਾ ਹੋ ਗਿਆ ਸੀ। ਇਸ ਮਾਮਲੇ ਦੇ ਦੋ ਹੋਰ ਮੁਲਜ਼ਮ ਕਸ਼ਮੀਰੀ ਵੱਖਵਾਦੀ ਨੇਤਾ ਸਈਦ ਅਲੀ ਸ਼ਾਹ ਗਿਲਾਨੀ ਅਤੇ ਦਿੱਲੀ ਯੂਨੀਵਰਸਿਟੀ ਦੇ ਅਧਿਆਪਕ ਸਈਦ ਅਬਦੁਲ ਰਹਿਮਾਨ ਗਿਲਾਨੀ ਦੀ ਕੇਸ ਦੀ ਸੁਣਵਾਈ ਦੌਰਾਨ ਮੌਤ ਹੋ ਗਈ ਹੈ।ਅਧਿਕਾਰੀਆਂ ਦੇ ਅਨੁਸਾਰ ਰਾਏ ਅਤੇ ਹੁਸੈਨ ਦੇ ਖਿਲਾਫ ਆਈਪੀਸੀ ਦੀਆਂ ਧਾਰਾਵਾਂ 153ਏ, 153ਬੀ ਅਤੇ 505 ਦੇ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।










# ਪੰਜਾਬ ਦੇ ਰਾਏਪੇਰੀਅਨ ਅਧਿਕਾਰਾਂ ਦੀ ਅਣਦੇਖੀ ਕਰੇਗੀ ਸੁਪਰੀਮ ਕੋਰਟ ਵੀ?

**ਸੁਪ੍ਰੀਮ ਕੋਰਟ ਵਿਚ ਦਲੀਲਾਂ ਦੀ ਬੋਛਾੜ ਹੋਣੀ ਚਾਹੀਦੀ ਸੀ ਜਿਥੇ ਅਦਾਲਤ ਸੁਣਨ ਲਈ ਮਜਬੂਰ ਹੁੰਦੀ ਕਿ ਇਹ ਸਮਝੌਤਾ ਤੇ ਮੰਗ ਗ਼ੈਰ ਕੁਦਰਤੀ ਹੀ ਨਹੀਂ, ਸੰਵਿਧਾਨ ਵਿਰੁੱਧ ਵੀ ਹੈ!**

ਪੰਜਾਬ-ਹਰਿਆਣਾ ਵਿਚਕਾਰ ਪਾਣੀ ਵਿਵਾਦ 'ਚ ਸੁਪ੍ਰੀਮ ਕੋਰਟ ਦੀ ਟਿਪਣੀ ਨੇ ਸੰਕੇਤ ਦੇ ਦਿਤਾ ਹੈ ਕਿ ਆਉਣ ਵਾਲੇ ਸਮੇਂ ਵਿਚ ਸਰਕਾਰ ਵਲੋਂ ਜੇ ਅਪਣੀ ਬੌਧਿਕ ਸ਼ਕਤੀ ਦਾ ਇਸਤੇਮਾਲ ਕਰ ਕੇ ਅਦਾਲਤ ਵਿਚ ਪੰਜਾਬ ਦੇ ਪੱਖ ਨੂੰ ਸਹੀ ਤਰੀਕੇ ਨਾਲ ਨਾ ਚੁਕਿਆ ਗਿਆ ਤਾਂ ਇਹ ਐਨ ਮੁਮਕਿਨ ਹੈ ਕਿ ਪੰਜਾਬ ਦੇ ਕਿਸਾਨ ਮੁੜ ਤੋਂ ਕਿਸਾਨੀ ਸੰਘਰਸ਼ ਵਾਂਗ ਇਸ ਮੁੱਦੇ ਨੂੰ ਅਪਣੇ ਹੱਥਾਂ ਵਿਚ ਲੈ ਲੈਣ। ਜਿਸ ਤਰ੍ਹਾਂ ਸੁਪ੍ਰੀਮ ਕੋਰਟ ਨੇ ਅਪਣੇ 2002 ਦੇ ਫ਼ੈਸਲੇ 'ਤੇ ਮੁੜ ਠੱਪਾ ਲਗਾਇਆ ਹੈ, ਉਸ ਤੋਂ ਜਾਪਦਾ ਨਹੀਂ ਕਿ ਬਾਕੀ ਸਾਰੇ ਸੂਬਿਆਂ ਵਾਂਗ ਪੰਜਾਬ ਨੂੰ ਉਸ ਦੇ ਰਾਇਪੇਰੀਅਨ ਹੱਕ ਦੇਣ ਦੀ ਸੋਚ ਦਿੱਲੀ ਦੇ ਸੱਤਾਧਾਰੀਆਂ ਜਾਂ ਜੁਡੀਸ਼ਰੀ ਦੇ ਗਲਿਆਰਿਆਂ ਵਿਚ ਜ਼ਰਾ ਵੀ ਹੈ। ਸਿਆਸੀ ਆਗੂਆਂ ਦੇ ਮਨਾਂ ਵਿਚ ਇਹ ਸੋਚ ਹੁੰਦੀ ਤਾਂ 'ਇੰਡੋ-ਪਾਕ ਵਾਟਰ ਟਰੀਟੀ' (ਭਾਰਤੀ ਪਾਣੀ ਸੰਧੀ) ਤਹਿਤ ਪਾਕਿਸਤਾਨ ਨੂੰ ਵਾਧੂ ਜਾਂਦਾ ਪਾਣੀ ਰੋਕ ਕੇ ਪੰਜਾਬ ਦੇ ਦਰਿਆਵਾਂ ਨੂੰ ਭਰ ਦੇਣਾ ਸੀ। ਰਾਜੀਵ-ਲੌਂਗੋਵਾਲ ਸਮਝੌਤਾ ਕਾਂਗਰਸ ਨੇ ਕੀਤਾ ਸੀ ਪਰ ਭਾਜਪਾ ਨੇ ਉਸ ਨੂੰ ਤੋੜਨ ਬਾਰੇ ਨਹੀਂ ਸੋਚਿਆ। ਜਿਹੜੀਆਂ ਜਿਹੜੀਆਂ ਨੀਤੀਆਂ ਪੰਜਾਬ ਵਿਰੁਧ ਕਾਂਗਰਸ ਨੇ ਚਲਾਈਆਂ, ਅਗਲੇ ਕਿਸੇ ਸਿਆਸਤਦਾਨ ਜਾਂ ਸਿਆਸੀ ਪਾਰਟੀ ਨੇ ਉਨ੍ਹਾਂ ਨੂੰ ਵਾਪਸ ਲੈਣ ਬਾਰੇ ਕਦੇ ਵੀ ਨਹੀਂ ਸੋਚਿਆ। ਸਗੋਂ ਭਾਜਪਾ-ਅਕਾਲੀ ਗਠਜੋੜ ਸਰਕਾਰ ਵਿਚ ਹਿਮਾਚਲ ਵਾਸਤੇ ਇੰਡਸਟ੍ਰੀਅਲ ਪਾਲਿਸੀ ਲਿਆ ਕੇ ਪੰਜਾਬ ਦਾ ਉਦਯੋਗ ਤਬਾਹ ਕਰਨ ਵਾਲਾ ਕਦਮ ਹੀ ਚੁਕਿਆ। ਦੂਜੀ ਵਾਰ ਭਾਜਪਾ-ਅਕਾਲੀ ਸਰਕਾਰ ਵਿਚ ਹਿਮਾਚਲ ਦੀ ਇੰਡਸਟ੍ਰੀਅਲ ਪਾਲਿਸੀ ਨੂੰ ਹੋਰ ਵਧਾਇਆ ਗਿਆ। ਇਸ ਤੋਂ ਇਹੀ ਸਮਝਿਆ ਜਾ ਸਕਦਾ ਹੈ ਕਿ ਇਹ ਕਹਿਣਾ ਸੱਚ ਨਹੀਂ ਹੋਵੇਗਾ ਕਿ ਇਕੱਲਾ ਕੇਂਦਰ ਹੀ ਪੰਜਾਬ ਨਾਲ ਵਿਤਕਰਾ ਕਰਦਾ ਹੈ। ਇਹ ਅਧੂਰਾ ਸੱਚ ਹੈ। ਸਾਨੂੰ ਸਾਡੇ ਅਪਣੇ ਆਗੂਆਂ ਨੇ ਵਾਰ ਵਾਰ ਮਰਵਾਇਆ। ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਪੰਜਾਬ ਦੇ ਹਰ ਹੱਕ ਨੂੰ ਢੱਠੇ ਖੂਹ ਵਿਚ ਸੁਟ ਕੇ ਅਪਣੇ ਨਿਜੀ ਹਿਤ ਬਚਾਉਣ ਲਈ ਹੀ ਸਾਰਾ ਜ਼ੋਰ ਲਾਈ ਰਖਿਆ। ਉਨ੍ਹਾਂ ਕੋਲ ਉਸ ਵਕਤ ਬਹੁਤ ਸੁਨਹਿਰੀ ਮੌਕਾ ਸੀ ਜਦ ਉਹ ਭਾਜਪਾ ਨਾਲ ਅਪਣੀ ਭਾਈਵਾਲੀ ਨੂੰ ਵਰਤ ਕੇ ਪੰਜਾਬ ਦੇ ਹੱਕ ਸੁਰੱਖਿਅਤ ਕਰਵਾ ਸਕਦੇ ਸਨ। ਪਰ ਅਕਾਲੀ ਦਲ (ਬਾਦਲ) ਨੇ ਅਪਣੇ ਵਾਸਤੇ ਸੱਭ ਕੁੱਝ ਲੈ ਲਿਆ ਤੇ ਅੱਜ ਦੇ ਪੰਜਾਬ ਤੋਂ ਗਏ ਆਗੂ ਅਪਣੇ ਉਦਯੋਗਾਂ, ਅਪਣੇ ਹੋਟਲਾਂ, ਅਪਣੇ ਕੇਸਾਂ, ਅਪਣੇ ਨਿਜ ਲਈ ਮਦਦ ਲੈਣ ਤੇ ਹੋਰ ਸਕਿਉਰਿਟੀ ਲੈਣ ਵਾਸਤੇ ਮੋਦੀ-ਸ਼ਾਹ ਕੋਲ ਜਾਂਦੇ ਹਨ ਪਰ ਕਿਸੇ ਨੇ ਸ਼ਾਇਦ ਹੀ ਪੰਜਾਬ ਦੇ ਹੱਕਾਂ ਦੀ ਗੱਲ ਕੀਤੀ ਹੋਵੇਗੀ। ਇਨ੍ਹਾਂ ਦਾ ਵਸ ਚਲਦਾ ਤਾਂ ਇਹ ਤਾਂ ਚੰਡੀਗੜ੍ਹ ਵਿਚ ਹਰਿਆਣਾ ਕੀ, ਹਿਮਾਚਲ ਨੂੰ ਵੀ ਵਿਧਾਨ ਸਭਾ ਦੇ ਦੇਂਦੇ ਪਰ ਸ਼ਰਤ ਇਹੀ ਰਖਦੇ ਕਿ ਉਸਾਰੀ ਦਾ ਠੇਕਾ ਇਨ੍ਹਾਂ ਨੂੰ ਦੇ ਦਿਤਾ ਜਾਏ।

ਜਿੰਨੀ ਕੁਦਰਤ ਦੀ ਕ੍ਰਿਪਾ ਪੰਜਾਬ 'ਤੇ ਰਹੀ ਹੈ, ਜਿੰਨੀ ਅਮੀਰ ਇਸ ਧਰਤੀ ਦੀ ਅਧਿਆਤਮਕਤਾ ਹੈ, ਸਾਡੇ ਅੱਜ ਦੇ ਆਗੂ ਓਨੇ ਹੀ ਪੰਜਾਬ ਪ੍ਰਤੀ ਜ਼ਿੰਮੇਵਾਰੀ, ਇਮਾਨਦਾਰੀ ਤੇ ਪਿਆਰ ਦੇ ਅਹਿਸਾਸ ਤੋਂ ਵਾਂਝੇ ਹਨ। ਸੁਪ੍ਰੀਮ ਕੋਰਟ ਵਿਚ ਅੱਜ ਦਲੀਲਾਂ ਦੀ ਬੋਛਾੜ ਹੋਣੀ ਚਾਹੀਦੀ ਸੀ ਜਿਥੇ ਅਦਾਲਤ ਸੁਣਨ ਲਈ ਮਜਬੂਰ ਹੁੰਦੀ ਕਿ ਇਹ ਸਮਝੌਤਾ ਤੇ ਮੰਗ ਗ਼ੈਰ ਕੁਦਰਤੀ ਹੀ ਨਹੀਂ, ਸੰਵਿਧਾਨ ਦੇ ਵਿਰੁਧ ਵੀ ਹੈ। ਤੁਸੀ ਕਿਸ ਤਰ੍ਹਾਂ ਇਕ ਸੂਬੇ 'ਚ ਵਗਦੇ ਦਰਿਆ ਤੋਂ ਪਾਣੀ ਲੈ ਕੇ ਦੂਜੇ ਸੂਬੇ ਨੂੰ ਦੇ ਸਕਦੇ ਹੋ, ਖ਼ਾਸ ਕਰ ਕੇ ਜਦ ਇਸ ਨਾਲ ਦਰਿਆ ਦੇ ਕੰਢੇ 'ਤੇ ਰਹਿੰਦੇ ਕਿਸਾਨ ਨੂੰ ਨੁਕਸਾਨ ਹੁੰਦਾ ਹੈ? ਰਾਜੀਵ-ਲੌਂਗੋਵਾਲ ਸਮਝੌਤਾ ਹੀ ਗ਼ੈਰ-ਕਾਨੂੰਨੀ ਹੈ। ਪੰਜਾਬ ਦੇ ਲੋਕ ਗ਼ੁਲਾਮ ਨਹੀਂ, ਕੇਂਦਰ ਜ਼ਾਲਮ ਨਹੀਂ ਪਰ ਸਾਡੇ ਸੂਬੇ ਦੇ ਆਗੂ, ਖ਼ਾਸ ਕਰ ਕੇ ਸੂਬਾ ਪਧਰੀ ਪਾਰਟੀ ਦੇ ਅਪਣੇ ਆਪ ਨੂੰ ਪੰਥਕ ਅਖਵਾਉਣ ਵਾਲੇ ਆਗੂ, ਪੰਜਾਬ ਨੂੰ ਲੁੱਟ ਕੇ ਅਪਣੀਆਂ ਤਿਜੋਰੀਆਂ ਭਰਨ ਦਾ ਰਸਤਾ ਲੱਭਣ ਵਾਲੇ ਹਨ। ਸਾਡੇ ਹੱਕ ਲੈਣ ਵਾਸਤੇ ਸਹੀ ਤਰੀਕੇ ਨਾਲ ਦਿੱਲੀ ਨਾਲ ਕਦੇ ਗੱਲਬਾਤ ਵੀ ਨਹੀਂ ਕੀਤੀ ਗਈ। - ਨਿਮਰਤ ਕੌਰ

## (ਮੁੱਖ ਪੰਨੇ ਦੀ ਬਾਕੀ)

ਦੁਆਰਾ ਕੀਤੇ ਗਏ ਭਿਆਨਕ ਸਮੂਹਿਕ ਕਤਲੇਆਮ" ਦੀ ਵੀ ਨਿੰਦਾ ਕੀਤੀ ਅਤੇ ਕਿਹਾ ਕਿ ਉਨਾ ਵੱਲੋਂ ਅਗਵਾ ਕਰਨਾ ਅੰਤਰਰਾਸ਼ਟਰੀ ਕਾਨੂੰਨ ਦੇ ਤਹਿਤ ਵਰਜਿਤ ਹੈ। ਇਜ਼ਰਾਈਲੀ ਮੀਡੀਆ ਨੇ ਕਿਹਾ ਕਿ ਤਾਜ਼ਾ ਹਮਲਿਆਂ ਵਿਚ 900 ਲੋਕ ਮਾਰੇ ਗਏ, ਜਿਨ੍ਹਾਂ ਵਿਚੋਂ ਜ਼ਿਆਦਾਤਰ ਆਮ ਨਾਗਰਿਕ ਸਨ, ਜਦੋਂ ਕਿ ਗਾਜ਼ਾ ਦੇ ਅਧਿਕਾਰੀਆਂ ਨੇ ਕਿਹਾ ਕਿ ਇਜ਼ਰਾਈਲੀ ਹਮਲਿਆਂ ਵਿਚ ਲਗਭਗ 700 ਲੋਕ ਮਾਰੇ ਗਏ। ਤੁਰਕੀ ਨੇ ਇਹ ਵੀ ਕਿਹਾ ਕਿ ਇਜ਼ਰਾਈਲ ਦੀ 'ਜ਼ਬਤ' ਜਾਂ 'ਘੇਰਾਬੰਦੀ, ਜੋ ਨਾਗਰਿਕਾਂ ਨੂੰ ਜੀਵਨ ਦੀਆਂ ਬੁਨਿਆਦੀ ਜ਼ਰੂਰਤਾਂ ਤੋਂ ਵਾਂਝੇ ਕਰਕੇ ਜੋਖਮ ਵਿੱਚ ਪਾਉਂਦੀ ਹੈ, ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨ ਦੇ ਤਹਿਤ ਮਨਾਹੀ ਹੈ।' ਸ਼ਾਮਦਾਸਾਨੀ ਨੇ ਬਾਅਦ ਵਿੱਚ ਕਿਹਾ ਕਿ ਅਜਿਹੀਆਂ ਕਾਰਵਾਈਆਂ ਜੰਗੀ ਅਪਰਾਧਾਂ ਦੇ ਬਰਾਬਰ ਹੋ ਸਕਦੀਆਂ ਹਨ। ਇਸ ਤੋਂ ਇਲਾਵਾ, ਸੰਯੁਕਤ ਰਾਸ਼ਟਰ ਦੁਆਰਾ ਨਿਯੁਕਤ ਜਾਂਚ ਕਮਿਸ਼ਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਪਹਿਲਾਂ ਹੀ 'ਸਪੱਸ਼ਟ ਸਬੂਤ ਸਨ ਕਿ ਸੰਘਰਸ਼ ਵਿੱਚ ਸ਼ਾਮਲ ਸਾਰੀਆਂ ਧਿਰਾਂ ਦੁਆਰਾ ਜੰਗੀ ਅਪਰਾਧ ਕੀਤੇ ਜਾ ਸਕਦੇ ਹਨ।' ਇਸ ਨੇ ਅੱਗੇ ਕਿਹਾ ਕਿ ਇਹ ਕਾਨੂੰਨੀ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਸਬੂਤ ਇਕੱਠੇ ਕਰ ਰਿਹਾ ਸੀ।

## ਮੱਧ ਪ੍ਰਦੇਸ ਵਿੱਚ ਭਾਜਪਾ ਨੂੰ ਮੁੱਖ ਮੰਤਰੀ ਨਹੀਂ ਲੱਭ ਰਿਹਾ

ਮੱਧ ਪ੍ਰਦੇਸ਼: ਇਸ ਸੂਬੇ ਵਿੱਚ ਵਿਧਾਨ ਸਭਾ ਚੋਣਾਂ 'ਚ ਭਾਜਪਾ ਵੱਲੋਂ ਮੁੱਖ ਮੰਤਰੀ ਦਾ ਚਿਹਰਾ ਕੌਣ ਹੋਵੇਗਾ, ਇਸ ਸਵਾਲ 'ਤੇ ਕੇਂਦਰੀ ਮੰਤਰੀ ਪਿਊਸ਼ ਗੋਇਲ ਨੇ ਕਿਹਾ ਹੈ ਕਿ ਹਰ ਚੋਣ 'ਚ ਭਾਜਪਾ ਦਾ ਚੋਣ ਨਿਸ਼ਾਨ 'ਕਮਲ' ਹੀ ਪਾਰਟੀ ਦਾ ਚਿਹਰਾ ਹੁੰਦਾ ਹੈ। ਨਵਭਾਰਤ ਟਾਈਮਜ਼ ਮੁਤਾਬਕ ਚੋਣਾਂ ਦੇ ਮੱਦੇਨਜ਼ਰ ਸੂਬੇ ਦੇ ਨੀਮਚ ਵਿੱਚ ਇੱਕ ਜਨ ਸਭਾ ਲਈ ਪੁੱਜੇ ਗੋਇਲ ਨੂੰ ਪੱਤਰਕਾਰਾਂ ਨੇ ਜਦੋਂ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ 'ਕਮਲ ਸਾਡੇ ਸਾਰਿਆਂ ਲਈ ਪੂਜਣਯੋਗ ਹੈ ਅਤੇ ਅਸੀਂ ਕਮਲ ਚੁੱਕ ਕੇ ਲੋਕਾਂ ਵਿੱਚ ਜਾਂਦੇ ਹਾਂ।' ਮੰਤਰੀਆਂ ਸਮੇਤ ਕਈ ਸੀਨੀਅਰ ਆਗੂਆਂ ਨੂੰ ਉਮੀਦਵਾਰ ਵਜੋਂ ਮੈਦਾਨ ਵਿੱਚ ਉਤਾਰਨ ਤੋਂ ਬਾਅਦ ਸੂਬੇ ਵਿੱਚ ਭਾਜਪਾ ਵੱਲੋਂ ਮੁੱਖ ਮੰਤਰੀ ਦਾ ਚਿਹਰਾ ਬਦਲਣ ਦੀਆਂ ਅਟਕਲਾਂ ਲਾਈਆਂ ਜਾ ਰਹੀਆਂ ਹਨ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਮੋਦੀ ਸਰਕਾਰ ਮਨੁੱਖੀ ਅਧਿਕਾਰ ਦਾ ਖਿਆਲ ਕਰੇ:ਹਿਊਮਨ ਰਾਈਟਸ ਵਾਚ

ਨਿਊਯਾਰਕ: ਵਿਸ਼ਵ ਮਨੁੱਖੀ ਅਧਿਕਾਰਾਂ ਦੀ ਨਿਗਰਾਨੀ ਕਰਨ ਵਾਲੀ ਸੰਸਥਾ ਹਿਊਮਨ ਰਾਈਟਸ ਵਾਚ ਨੇ ਕਿਹਾ ਹੈ ਕਿ ਮੋਦੀ ਸਰਕਾਰ ਦੀ ਓਲੰਪਿਕ ਬੋਲੀ ਦੇ ਨਾਲ, ਅੰਤਰਰਾਸ਼ਟਰੀ ਓਲੰਪਿਕ ਕਮੇਟੀ (ਆਈਓਸੀ) ਕੋਲ ਮਨੁੱਖੀ ਅਧਿਕਾਰ ਸੁਧਾਰਾਂ ਅਤੇ ਪ੍ਰਭਾਵਿਤ ਭਾਰਤੀ ਐਥਲੀਟਾਂ ਲਈ ਨਿਆਂ ਲਈ ਦਬਾਅ ਪਾਉਣ ਦਾ ਇੱਕ ਅਹਿਮ ਮੌਕਾ ਹੈ।

ਐਚਆਰਡਬਲਯੂ ਨੇ ਨਿਊਯਾਰਕ ਵਿੱਚ ਜਾਰੀ ਇੱਕ ਬਿਆਨ ਵਿੱਚ ਕਿਹਾ, "ਜੇਕਰ ਸਰਕਾਰਾਂ ਖੇਡਾਂ ਦੇ ਸਭ ਤੋਂ ਵੱਡੇ ਆਯੋਜਨ ਦੀ ਮੇਜ਼ਬਾਨੀ ਦੇ ਨਾਲ-ਨਾਲ ਵੱਕਾਰ ਚਾਹੁੰਦੀਆਂ ਹਨ, ਤਾਂ ਆਈਓਸੀ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਭਵਿੱਖ ਦੇ ਸਾਰੇ ਮੇਜ਼ਬਾਨਾਂ ਨੂੰ ਮਨੁੱਖੀ ਅਧਿਕਾਰਾਂ ਦੀ ਪੂਰੀ ਲਗਨ ਨਾਲ ਅਧਿਕਾਰਾਂ ਦੀ ਪਾਲਣਾ ਕਰਨੀ ਚਾਹੀਦੀ ਹੈ।ਭਾਰਤ ਵਿੱਚ ਲੋਕਾਂ ਨਾਲ ਦੁਰਵਿਵਹਾਰ ਕੀਤਾ ਜਾਂਦਾ ਹੈ, ਜਿਸ ਵਿੱਚ ਅਥਲੀਟਾਂ ਨਾਲ ਦੁਰਵਿਵਹਾਰ ਅਤੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣਾ ਸ਼ਾਮਲ ਹੈ।

ਇਹ ਬਿਆਨ ਉਦੋਂ ਆਇਆ ਹੈ ਜਦੋਂ ਆਈਓਸੀ ਆਪਣਾ 140ਵਾਂ ਸਾਲਾਨਾ ਸੈਸ਼ਨ 15 ਤੋਂ 17 ਅਕਤੂਬਰ ਤੱਕ ਮੁੰਬਈ ਵਿੱਚ ਆਯੋਜਿਤ ਕਰ ਰਿਹਾ ਹੈ, ਜਿੱਥੇ ਭਾਰਤ ਵੱਲੋਂ ਗੁਜਰਾਤ ਰਾਜ ਵਿੱਚ 2036 ਦੀਆਂ ਸਮਰ ਓਲੰਪਿਕ ਖੇਡਾਂ ਦੀ ਮੇਜ਼ਬਾਨੀ ਲਈ ਆਪਣੀ ਬੋਲੀ ਦਾ ਐਲਾਨ ਕਰਨ ਦੀ ਉਮੀਦ ਹੈ।ਐਚਆਰਡਬਲਯੂ ਨੇ ਇਸ਼ਾਰਾ ਕੀਤਾ ਕਿ ਲਗਭਗ ਇੱਕ ਦਹਾਕੇ ਤੋਂ, ਮੋਦੀ ਅਤੇ ਉਸਦੀ ਹਿੰਦੂ ਰਾਸ਼ਟਰਵਾਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਦੁਰਵਿਵਹਾਰਕ ਕਾਨੂੰਨ ਅਤੇ ਨੀਤੀਆਂ ਅਪਣਾਈਆਂ ਹਨ ਜੋ ਧਾਰਮਿਕ ਘੱਟ ਗਿਣਤੀਆਂ, ਖਾਸ ਤੌਰ 'ਤੇ ਮੁਸਲਮਾਨਾਂ ਨਾਲ ਵਿਤਕਰਾ ਕਰਦੇ ਹਨ, ਅਤੇ ਕਾਰਕੁਨਾਂ, ਪ੍ਰਦਰਸ਼ਨਕਾਰੀਆਂ ਅਤੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾ ਕੇ ਵਿਰੋਧੀ ਆਵਾਜ਼ਾਂ ਨੂੰ ਬੰਦ ਕਰਦੇ ਹਨ।ਜਿਨ੍ਹਾਂ ਵਿੱਚ ਧਮਕਾਉਣਾ, ਧਮਕੀਆਂ, ਅਤੇ ਸਿਆਸੀ ਤੌਰ 'ਤੇ ਪ੍ਰੇਰਿਤ ਅਪਰਾਧਿਕ ਮਾਮਲੇ ਹਨ।

# ਭਾਜਪਾ ਨੇਤਾਵਾਂ ਨੇ ਤੁਰੰਤ ਇਜ਼ਰਾਈਲ ਦਾ ਸਮਰਥਨ ਕੀਤਾ, ਪਰ ਮਨੀਪੁਰ ਮੁੱਦੇ 'ਤੇ ਚੁੱਪ ਰਹੇ:ਐਨ.ਸੀ.ਪੀ

ਨਵੀਂ ਦਿੱਲੀ: ਰਾਸ਼ਟਰਵਾਦੀ ਕਾਂਗਰਸ ਪਾਰਟੀ (ਸ਼ਰਦ ਪਵਾਰ ਧੜੇ) ਨੇ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਚੁਟਕੀ ਲੈਂਦਿਆਂ ਕਿਹਾ ਕਿ ਭਾਜਪਾ ਨੇਤਾਵਾਂ ਨੇ ਇਜ਼ਰਾਈਲ-ਫਲਸਤੀਨ ਯੁੱਧ 'ਚ ਇਜ਼ਰਾਈਲ ਦਾ ਸਮਰਥਨ ਕਰਨ 'ਚ 'ਤੁਰਤੀ' ਦਿਖਾਈ ਹੈ ਪਰ ਉਹ ਮਨੀਪੁਰ ਦੇ ਮੁੱਦੇ 'ਤੇ ਚੁੱਪ ਹੈ।ਐਨਸੀਪੀ ਦੇ ਰਾਸ਼ਟਰੀ ਬੁਲਾਰੇ ਕਲਾਈਡ ਕ੍ਰਾਸਟੋ ਨੇ ਸੋਸ਼ਲ ਸਾਈਟ ਐਕਸ 'ਤੇ ਕਿਹਾ, 'ਦੁਨੀਆਂ ਵਿੱਚ ਕਿਤੇ ਵੀ ਨਿਰਦੋਸ਼ ਲੋਕਾਂ ਦੀ ਹੱਤਿਆ ਬਰਦਾਸ਼ਤਯੋਗ ਨਹੀਂ ਹੈ ਅਤੇ ਨਿੰਦਣਯੋਗ ਹੈ।ਇਜ਼ਰਾਈਲ ਅਤੇ ਫਿਲਸਤੀਨ ਵਿਚਾਲੇ ਹੋਈ ਜੰਗ ਵਿੱਚ ਕਈ ਬੇਕਸੂਰ ਲੋਕ ਆਪਣੀਆਂ ਜਾਨਾਂ ਗੁਆ ਰਹੇ ਹਨ।ਭਾਜਪਾ ਅਤੇ ਇਸ ਦੇ ਆਗੂਆਂ ਨੇ ਤੁਰੰਤ ਬਿਆਨ ਦੇ ਦਿੱਤੇ। ਉਸ ਨੇ ਇਜ਼ਰਾਈਲ ਵਿੱਚ ਹੋਈਆਂ ਹੱਤਿਆਵਾਂ ਦੀ ਨਿੰਦਾ ਕੀਤੀ ਅਤੇ ਉਸ ਨੂੰ ਅਜਿਹਾ ਕਰਨਾ ਚਾਹੀਦਾ ਹੈ, ਇਸ ਲਈ ਭਾਜਪਾ ਅਤੇ ਇਸ ਦੇ ਨੇਤਾਵਾਂ ਨੂੰ ਯਾਦ ਕਰਾਉਣਾ ਚਾਹੀਦਾ ਹੈ ਕਿ ਮਨੀਪੁਰ ਵੀ ਭਾਰਤ ਵਿੱਚ ਹੈ।

# ਪੰਜਾਬ ਕੋਲ ਕਿਸੇ ਨੂੰ ਦੇਣ ਲਈ ਪਾਣੀ ਨਹੀਂ ਜੇ ਸਾਡੀ ਸਰਕਾਰ ਬਣੀ ਰਾਜਸਥਾਨ ਨੂੰ ਜਾਂਦਾ ਪਾਣੀ ਵੀ ਰੋਕ ਦਿਆਂਗੇ:ਸੁਖਬੀਰ ਬਾਦਲ

ਚੰਡੀਗੜ੍ਹ (ਰਾਜ ਕੁਮਾਰ ਵਰਮਾ)-ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੇ ਰਾਜਪਾਲ ਸ੍ਰੀ ਬਨਵਾਰੀ ਲਾਲ ਪੁਰੋਹਿਤ ਨੂੰ ਅਪੀਲ ਕੀਤੀ ਕਿ ਸੁਪਰੀਮ ਕੋਰਟ ਵਿਚ ਐਸ ਵਾਈ ਐਲ ਦੇ ਕੇਸ 'ਤੇ ਪੰਜਾਬ ਦੇ ਹਿੱਤਾਂ ਨਾਲ ਸਮਝੌਤਾ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਨੂੰ ਤੁਰੰਤ ਬਰਖ਼ਾਸਤ ਕੀਤਾ ਜਾਵੇ। ਅਕਾਲੀ ਦਲ ਦੇ ਇਕ ਉਚ ਪੱਧਰੀ ਵਫਦ ਨੇ ਪਾਰਟੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਰਾਜਪਾਲ ਨਾਲ ਮੁਲਾਕਾਤ ਕੀਤੀ ਤੇ ਉਹਨਾਂ ਨੂੰ ਮੰਗ ਪੱਤਰ ਸੌਂਪ ਕੇ ਉਹਨਾਂ ਨੂੰ ਦੱਸਿਆ ਕਿ ਕਿਵੇਂ ਮੁੱਖ ਮੰਤਰੀ ਨੇ ਆਪ ਦੇ ਕਨਵੀਨਰ ਅਰਵਿੰਦ ਕੇਜਰੀਵਾਲ, ਜੋ ਰਾਈਪੇਰੀਅਨ ਸਿਧਾਂਤਾਂ ਦੀ ਉਲੰਘਣਾ ਕਰ ਕੇ ਪੰਜਾਬ ਦਾ ਪਾਣੀ ਹਰਿਆਣਾ ਤੇ ਰਾਜਸਥਾਨ ਨੂੰ ਦੇਣ 'ਤੇ ਤੁਲੇ ਹਨ, ਦੇ ਕਹਿਣ 'ਤੇ ਸੁਪਰੀਮ ਕੋਰਟ ਵਿਚ ਪੰਜਾਬ ਤੇ ਪੰਜਾਬੀਆਂ ਦੀ ਪਿੱਠ ਵਿਚ ਛੁਰਾ ਮਾਰਿਆ। ਅਕਾਲੀ ਦਲ ਦੇ ਪ੍ਰਧਾਨ ਨੇ ਇਹ ਵੀ ਜ਼ੋਰ ਦੇ ਕੇ ਆਖਿਆ ਕਿ ਪਾਰਟੀ ਪੰਜਾਬ ਵਿਚੋਂ ਇਕ ਬੂੰਦ ਵੀ ਪਾਣੀ ਬਾਹਰ ਨਹੀਂ ਜਾਣ ਦੇਵੇਗੀ। ਨਾ ਨਹਿਰ ਬਣੇਗੀ, ਨਾ ਪਾਣੀ ਹੈ। ਉਹਨਾਂ ਜ਼ੋਰ ਦੇ ਕੇ ਕਿਹਾ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਵੱਲੋਂ 2016 ਵਿਚ ਨਹਿਰ ਲਈ ਐਕਵਾਇਰ ਜ਼ਮੀਨ ਅਸਲ ਕਿਸਾਨ ਮਾਲਕਾਂ ਨੂੰ ਵਾਪਸ ਕਰਨ ਮਗਰੋਂ ਸੂਬੇ ਵਿਚ ਐਸ ਵਾਈ ਐਲ ਨਾਂ ਦੀ ਕੋਈ ਨਹਿਰ ਨਹੀਂ ਹੈ, ਨਾ ਸਾਡੇ ਕੋਲ ਦੇਣ ਨੂੰ ਪਾਣੀ ਹੈ। ਸਰਦਾਰ ਬਾਦਲ ਨੇ ਇਹ ਵੀ ਦੱਸਿਆ ਕਿ ਇਕ ਵਾਰ ਸੂਬੇ ਵਿਚ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਅਸੀਂ ਪਾਣੀ ਦੀ ਵੰਡ ਕਰਨ ਦੇ ਸਾਰੇ ਸਮਝੌਤੇ ਰੱਦ ਕਰਾਂਗੇ। ਅਸੀਂ ਰਾਜਸਥਾਨ ਜਾ ਰਿਹਾ ਪਾਣੀ ਬੰਦ ਕਰ ਦਿਆਂਗੇ।


ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL

Lucky: 604-614-5365

Unit 15 - 8388 128 St., Surrey



ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

*13 ਅਕਤੂਬਰ ਦਿਨ ਸ਼ੁੱਕਰਵਾਰ 2 ਪਰਿਵਾਰਾਂ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ:

1. ਜਸਪ੍ਰੀਤ ਸਿੰਘ ਧਾਲੀਵਾਲ ਪਰਿਵਾਰ ਵੱਲੋਂ
2. ਗੁਰਪ੍ਰੀਤ ਸਿੰਘ ਪਰਿਵਾਰ ਵੱਲੋਂ

* 15 ਅਕਤੂਬਰ ਦਿਨ ਐਤਵਾਰ ਜਸਪ੍ਰੀਤ ਸਿੰਘ ਧਾਲੀਵਾਲ ਅਤੇ ਗੁਰਪ੍ਰੀਤ ਸਿੰਘ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

*15 ਅਕਤੂਬਰ ਦਿਨ ਐਤਵਾਰ ਦੁਪਹਿਰ 12 ਤੋਂ 2 ਵਜੇ ਤੱਕ ਸਮੂਹ ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

*15 ਅਕਤੂਬਰ ਦਿਨ ਐਤਵਾਰ ਗੁਰਪ੍ਰੀਤ ਸਿੰਘ ਸਿੱਧੂ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

ਰਾਗੀ ਜੱਥੇ
ਭਾਈ ਅਵਤਾਰ ਸਿੰਘ ਜੀ ਦਾ ਜਥਾ


ਕਥਾਵਾਚਕ
ਭਾਈ ਪ੍ਰਮਜੀਤ ਸਿੰਘ ਫਗਵਾੜੇ ਵਾਲੇ

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ

ਗੁਰਦੁਆਰਾ ਸਾਹਿਬ:604-413-7171

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



ਰੋਜਾਨਾ ਦੇ ਪ੍ਰੋਗਰਾਮ

ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਬਰਸੀ ਮਨਾਈ



ਨਵੀਂ ਦਿੱਲੀ, (ਮਨਪ੍ਰੀਤ ਸਿੰਘ ਖਾਲਸਾ):-ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਸਾਲਾਨਾ ਬਰਸੀ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਗੁਰਦੁਆਰਾ ਝੰਡਾ ਬੁੰਗਾ ਸਾਹਿਬ ਵਿਖੇ ਮਨਾਈ ਗਈ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਜਿੰਦਰ ਸਿੰਘ ਨੇ ਗੁਰਬਾਣੀ ਕੀਰਤਨ ਕੀਤਾ, ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਨੇ ਸਰਵਣ ਕਰਵਾਇਆ। ਇਸ ਮੌਕੇ ਗਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਕਿਹਾ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਕੌਮੀ ਸ਼ਹੀਦ ਹਨ ਜਿਨ੍ਹਾਂ ਨੇ ਕੌਮ ਖਾਤਰ ਸ਼ਹਾਦਤ ਪ੍ਰਾਪਤ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸਿੰਘਾਂ ਦੀਆਂ ਸ਼ਹਾਦਤਾਂ ਨੂੰ ਕੌਮ ਹਮੇਸ਼ਾਂ ਸਜਦਾ ਕਰਦੀ ਹੈ।

ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮੌਕੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਵਿੱਚੋਂ ਭਾਈ ਭੁਪਿੰਦਰ ਸਿੰਘ, ਬੀਬੀ ਕੁਲਵੰਤ ਕੌਰ, ਭਾਈ ਸਤਵੰਤ ਸਿੰਘ, ਭਾਈ ਕਰਮਜੀਤ ਸਿੰਘ, ਭਾਈ ਹਰਬੰਸ ਸਿੰਘ ਹਾਜ਼ਰ ਸਨ, ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਬਖ਼ਸ਼ਿਸ਼ ਸਿਰੋਪਾਓ ਦਿੱਤੇ ਗਏ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੋਂ ਇਲਾਵਾ ਸ. ਨਰੈਣ ਸਿੰਘ ਚੌੜਾ, ਸ. ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਸ. ਜਰਨੈਲ ਸਿੰਘ ਸਖੀਰਾ, ਸ. ਬੇਅੰਤ ਸਿੰਘ ਖਿਆਲਾ, ਸ. ਪਰਮਜੀਤ ਸਿੰਘ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਮੈਨੇਜਰ ਸ. ਜਗਤਾਰ ਸਿੰਘ ਸ਼ਹੂਰਾ, ਸ. ਹਰਪ੍ਰੀਤ ਸਿੰਘ, ਵਧੀਕ ਮੈਨੇਜਰ ਸ. ਨਿਸ਼ਾਨ ਸਿੰਘ ਜੱਫ਼ਰਵਾਲ, ਸ. ਬਿਕਰਮਜੀਤ ਸਿੰਘ ਝੰਗੀ ਆਦਿ ਹਾਜ਼ਰ ਸਨ।

# ਭਾਜਪਾ ਨੂੰ ਸਿਰਫ ਦੋ ਸੀਟਾਂ

ਲੱਦਾਖ:ਧਾਰਾ 370 ਹਟਾਏ ਜਾਣ ਤੋਂ ਬਾਅਦ ਕਾਰਗਿਲ ਵਿੱਚ ਹੋਈਆਂ ਪਹਿਲੀਆਂ ਚੋਣਾਂ ਵਿੱਚ ਨੈਸ਼ਨਲ ਕਾਨਫਰੰਸ-ਕਾਂਗਰਸ ਗਠਜੋੜ ਨੇ ਜਿੱਤ ਹਾਸਲ ਕੀਤੀ ਹੈ। ਰਿਪੋਰਟ ਮੁਤਾਬਕ ਲੱਦਾਖ ਆਟੋਨੋਮਸ ਹਿੱਲ ਡਿਵੈਲਪਮੈਂਟ ਕੌਂਸਲ (ਕਾਰਗਿਲ) ਚੋਣਾਂ ਵਿੱਚ ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਨੇ 26 ਵਿੱਚੋਂ 22 ਸੀਟਾਂ ਜਿੱਤੀਆਂ ਹਨ। ਭਾਜਪਾ ਅਤੇ ਆਜ਼ਾਦ ਉਮੀਦਵਾਰਾਂ ਨੂੰ ਦੋ-ਦੋ ਸੀਟਾਂ ਮਿਲੀਆਂ ਹਨ। ਨੈਸ਼ਨਲ ਕਾਨਫ਼ਰੰਸ ਅਤੇ ਕਾਂਗਰਸ ਵਿਚਾਲੇ ਹੋਏ ਸੱਤਾ-ਵੰਡ ਸਮਝੌਤੇ ਅਨੁਸਾਰ ਕਾਰਜਕਾਰੀ ਕੌਂਸਲ ਵਿਚ ਦੋਵੇਂ ਪਾਰਟੀਆਂ ਦੀ ਬਰਾਬਰ ਹਿੱਸੇਦਾਰੀ ਹੋਵੇਗੀ। ਚੋਣ ਨਤੀਜਿਆਂ ਨੂੰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ 5 ਅਗਸਤ, 2019 ਦੇ ਜੰਮੂ-ਕਸ਼ਮੀਰ ਬਾਰੇ ਫੈਸਲਿਆਂ ਅਤੇ ਇਸ ਤੋਂ ਬਾਅਦ ਖੇਤਰ ਵਿੱਚ ਲਾਗੂ ਕੀਤੀਆਂ ਨੀਤੀਆਂ ਦੇ ਉਲਟ ਵੀ ਦੇਖਿਆ ਜਾ ਰਿਹਾ ਹੈ।


GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ

Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750



ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application


Call : 778-869-1097
By Appointment Only
#202-12677-80AVE SURREY



SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711



The Builder's Direct
Experienced & Honest
Bath & Kitchen Fixtures

Wholesale price to public
We carry all major brands
Fireplaces Also Available

Get all kind of Kitchen & Washroom Fixtures at wholesale prices.
Call For Free Estimates
Parminder Singh: 604-787-7838
604-593-7755
12652-82 Ave, Surrey BC

# ਕੈਨੇਡਾ ਹਕੂਮਤ ਨਾਲ 'ਥੈਂਕਸ ਗਿਵਿੰਗ ਡੇਅ' ਵਿਚ ਸਾਂਝ ਪਾਉਣ ਲਈ ਜਾ ਰਹੇ ਆਗੂਆਂ ਤੇ ਵਰਕਰਾਂ ਨੂੰ ਗ੍ਰਿਫਤਾਰ ਕਰਕੇ ਚੰਡੀਗੜ੍ਹ ਪੁਲਿਸ ਤੇ ਸਰਕਾਰ ਨੇ ਜ਼ਮਹੂਰੀਅਤ ਨੂੰ ਕੁਚਲਿਆ:ਮਾਨ



ਨਵੀਂ ਦਿੱਲੀ(ਮਨਪ੍ਰੀਤ ਸਿੰਘ ਖਾਲਸਾ):9 ਅਕਤੂਬਰ ਨੂੰ ਹਰ ਸਾਲ ਕੈਨੇਡਾ ਦੇ ਹੁਕਮਰਾਨ ਤੇ ਨਿਵਾਸੀ ਥੈਂਕਸ ਗਿਵਿੰਗ ਡੇਅ ਮਨਾਉਦੇ ਹਨ । ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਹਰ ਸਾਲ ਕੈਨੇਡਾ ਦੀ ਚੰਡੀਗੜ੍ਹ ਸਥਿਤ ਅੰਬੈਸੀ ਵਿਚ ਪਹੁੰਚਕੇ ਕੈਨੇਡੀਅਨ ਡਿਪਲੋਮੈਟਸ ਅਤੇ ਸਮੁੱਚੇ ਸਟਾਫ ਨੂੰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਸਿੱਖ ਕੌਮ ਵੱਲੋ ਮੁਬਾਰਕਬਾਦ ਦਿੰਦੇ ਹੋਏ ਕੈਨੇਡਾ ਨਾਲ ਆਪਣੇ ਕੌਮੀ ਸੰਬੰਧਾਂ ਨੂੰ ਜ਼ਮਹੂਰੀ ਢੰਗ ਨਾਲ ਪ੍ਰਪੱਕ ਕਰਨ ਦੇ ਨਿਰੰਤਰ ਫਰਜ ਨਿਭਾਉਦੇ ਆ ਰਹੇ ਹਨ।ਪਰ ਦੁੱਖ ਅਤੇ ਅਫਸੋਸ ਹੈ ਕਿ ਜਦੋ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਵਰਕਰ ਤੇ ਆਮ ਸਿੱਖ ਸ. ਇਮਾਨ ਸਿੰਘ ਮਾਨ ਅਤੇ ਸ. ਕੁਸਲਪਾਲ ਸਿੰਘ ਮਾਨ ਕ੍ਰਮਵਾਰ ਸਰਪ੍ਰਸਤ ਯੂਥ ਅਤੇ ਜਰਨਲ ਸਕੱਤਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਅਗਵਾਈ ਵਿਚ ਕੈਨੇਡੀਅਨ ਸਫਾਰਤਖਾਨੇ ਵੱਲ ਹੱਥਾਂ ਵਿਚ ਖੁਸ਼ੀ ਵਾਲੇ ਤੇ ਮੁਬਾਰਕਬਾਦ ਵਾਲੇ ਲੋਗੋ ਫੜਕੇ, ਬੁੱਕੇ ਨਾਲ ਲੈਕੇ ਮੁਬਾਰਕਬਾਦ ਦੇਣ ਜਾ ਰਹੇ ਸਨ, ਤਾਂ ਅਲਾਟੇ ਮਾਲ ਦੇ ਨਜਦੀਕ ਸ. ਇਮਾਨ ਸਿੰਘ ਮਾਨ ਦੀ ਅਗਵਾਈ ਵਿਚ ਜਾ ਰਹੇ ਪਾਰਟੀ ਵਰਕਰਾਂ ਨੂੰ ਯੂ.ਟੀ ਪੁਲਿਸ ਤੇ ਪ੍ਰਸ਼ਾਸ਼ਨ ਨੇ ਬਿਨ੍ਹਾਂ ਕਿਸੇ ਵਜਹ ਦੇ ਉਨ੍ਹਾਂ ਨੂੰ ਜ਼ਬਰੀ ਗ੍ਰਿਫਤਾਰ ਕਰਕੇ ਜਮਹੂਰੀਅਤ ਕਦਰਾਂ ਕੀਮਤਾਂ ਦਾ ਸ਼ਰੇਆਮ ਜਨਾਜ਼ਾਂ ਕੱਢਿਆ ਹੈ ਅਤੇ ਸਾਨੂੰ ਜੋ ਇਥੋ ਦੇ ਨਾਗਰਿਕ ਹੋਣ ਦੇ ਨਾਤੇ ਇੰਡੀਆ ਦੇ ਵਿਧਾਨ ਵੱਲੋ ਹਰ ਤਰ੍ਹਾਂ ਜਮਹੂਰੀਅਤ ਢੰਗ ਨਾਲ ਆਪਣੀਆ ਭਾਵਨਾਵਾ ਦਾ ਇਜਹਾਰ ਕਰਨ, ਕਿਸੇ ਤਰ੍ਹਾਂ ਦੀ ਖੁਸ਼ੀ ਵਿਚ ਸਾਮਿਲ ਹੋਣ, ਕਿਸੇ ਤਰ੍ਹਾਂ ਦੇ ਦੁਖਾਂਤ ਉਤੇ ਰੋਸ਼ ਪ੍ਰਗਟ ਕਰਨ ਜਾਂ ਵਿਖਾਵੇ ਕਰਨ ਦਾ ਅਧਿਕਾਰ ਹੈ, ਉਸ ਵਿਧਾਨਿਕ ਹੱਕ ਨੂੰ ਕੁੱਚਲਕੇ ਹੁਕਮਰਾਨ ਖੁਦ ਹੀ ਇਥੇ ਜੰਗਲ ਦਾ ਰਾਜ ਹੋਣ ਦਾ ਸਬੂਤ ਦੇ ਰਹੇ ਹਨ।ਜਦੋਕਿ ਕੈਨੇਡਾ ਦੀ ਹਕੂਮਤ, 5 ਆਈ ਮੁਲਕ ਅਤੇ ਹੋਰ ਜਮਹੂਰੀਅਤ ਪਸ਼ੰਦ ਮੁਲਕ ਇੰਡੀਅਨ ਹੁਕਮਰਾਨਾਂ ਵੱਲੋ ਇਥੇ ਮਨੁੱਖੀ ਅਧਿਕਾਰਾਂ ਦਾ ਵੱਡੇ ਪੱਧਰ ਤੇ ਕੀਤਾ ਜਾ ਰਿਹਾ ਹਨਨ ਅਤੇ ਘੱਟ ਗਿਣਤੀ ਸਿੱਖ ਕੌਮ ਦਾ ਸਾਜਸੀ ਢੰਗ ਨਾਲ ਕੀਤੇ ਜਾ ਰਹੇ ਕਤਲੇਆਮ ਵਿਰੁੱਧ ਕੌਮਾਂਤਰੀ ਪੱਧਰ ਤੇ ਆਵਾਜ ਬੁਲੰਦ ਕਰ ਰਹੇ ਹਨ, ਤਾਂ ਇਨ੍ਹਾਂ ਨੇ ਆਪਣੀ ਮੀਡੀਏ ਵਿਚ ਹੋਣ ਵਾਲੀ ਬਦਨਾਮੀ ਨੂੰ ਰੋਕਣ ਦੇ ਮੰਦਭਾਵਨਾ ਭਰੇ ਮਕਸਦ ਨੂੰ ਲੈਕੇ ਇਹ ਅਤਿ ਸ਼ਰਮਨਾਕ ਅਮਲ ਕੀਤਾ ਹੈ ਜਿਸਦੀ ਅਸੀ ਸਖਤ ਸ਼ਬਦਾਂ ਵਿਚ ਜਿਥੇ ਨਿੰਦਾ ਕਰਦੇ ਹਾਂ, ਉਥੇ ਕੈਨੇਡਾ ਤੇ 5 ਆਈ ਮੁਲਕਾਂ ਤੇ ਜਮਹੂਰੀਅਤ ਪਸ਼ੰਦ ਮੁਲਕਾਂ ਨੂੰ ਅਪੀਲ ਕਰਦੇ ਹਾਂ ਕਿ ਇਸ ਤਰ੍ਹਾਂ ਸਿੱਖਾਂ ਦੇ ਜਮਹੂਰੀਅਤ ਅਧਿਕਾਰਾਂ ਨੂੰ ਕੁੱਚਲਣ ਵਿਰੁੱਧ ਸਖਤ ਸਟੈਡ ਲੈਣ।ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਅੱਜ ਆਪਣੀ ਪਾਰਟੀ ਦੇ ਆਗੂਆ ਅਤੇ ਵਰਕਰਾਂ ਵੱਲੋ ਚੰਡੀਗੜ੍ਹ ਵਿਖੇ ਸਥਿਤ ਕੈਨੇਡਾ ਦੀ ਅੰਬੈਸੀ ਵਿਚ ਥੈਂਕਸ ਗਿਵਿੰਗ ਡੇਅ ਦੇ ਦਿਹਾੜੇ ਉਤੇ ਜਮਹੂਰੀਅਤ ਅਤੇ ਅਮਨਮਈ ਢੰਗ ਨਾਲ ਮੁਬਾਰਕਬਾਦ ਦੇਣ ਜਾ ਰਹੇ ਪਾਰਟੀ ਆਗੂਆ ਤੇ ਵਰਕਰਾਂ ਨੂੰ ਗ੍ਰਿਫਤਾਰ ਕਰਨ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਅਤੇ ਇਸ ਕਾਰਵਾਈ ਨੂੰ ਬਿਲਕੁਲ ਗੈਰ ਵਿਧਾਨਿਕ ਕਰਾਰ ਦਿੰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਇਸ ਵਾਰੀ ਸੈਂਟਰ ਦੀ ਮੋਦੀ ਮੁਤੱਸਵੀ ਹਕੂਮਤ ਦੇ ਦਿਸ਼ਾ ਨਿਰਦੇਸ਼ਾਂ ਉਤੇ ਸਾਡੇ ਆਗੂਆਂ ਤੇ ਵਰਕਰਾਂ ਨੂੰ ਥੈਂਕਸ ਗਿਵਿੰਗ ਡੇਅ ਤੇ ਸਮੂਲੀਅਤ ਕਰਨ ਤੋ ਇਸ ਲਈ ਰੋਕਿਆ ਗਿਆ ਹੈ ਕਿਉਂਕਿ ਇੰਡੀਅਨ ਹੁਕਮਰਾਨ ਕੈਨੇਡਾ ਦੀ ਜਸਟਿਨ ਟਰੂਡੋ ਹਕੂਮਤ ਜੋ ਆਪਣੇ ਮੁਲਕ ਵਿਚ ਆਪਣੇ ਨਾਗਰਿਕਾਂ ਨੂੰ ਹਰ ਤਰ੍ਹਾਂ ਦੀ ਆਜਾਦੀ ਅਤੇ ਜਮਹੂਰੀਅਤ ਢੰਗ ਨਾਲ ਵਿਚਰਣ ਦੇ ਅਧਿਕਾਰ ਦਿੰਦੀ ਹੈ ਅਤੇ ਜਿਸ ਟਰੂਡੋ ਹਕੂਮਤ ਨੇ ਸਰੀ ਵਿਚ ਇੰਡੀਅਨ ਏਜੰਸੀਆ ਵੱਲੋ ਆਪਣੇ ਕੈਨੇਡੀਅਨ ਸਿੱਖ ਨਾਗਰਿਕ ਭਾਈ ਹਰਦੀਪ ਸਿੰਘ ਨਿੱਝਰ ਦੇ ਹੋਏ ਕਤਲ ਲਈ ਦੋਸ਼ੀ ਠਹਿਰਾਇਆ ਹੈ ਅਤੇ ਆਪਣੇ ਕੌਮਾਂਤਰੀ ਪੱਧਰ ਦੇ ਅਪਰਾਧ ਨੂੰ ਛੁਪਾਉਣ ਲਈ ਇੰਡੀਆ ਵਿਚੋ ਕੈਨੇਡਾ ਦੇ 41 ਡਿਪਲੋਮੈਟਸ ਨੂੰ ਵਾਪਸ ਭੇਜਣ ਦਾ ਡਰਾਮਾ ਕੀਤਾ ਹੈ, ਉਸੇ ਲੜੀ ਵਿਚ ਕੈਨੇਡਾ ਹਕੂਮਤ ਦਾ ਸੱਚ ਹੋਰ ਉਜਾਗਰ ਨਾ ਹੋਵੇ ਜਾਂ ਕੌਮਾਂਤਰੀ ਪੱਧਰ ਤੇ ਕੈਨੇਡਾ ਦੇ ਸਿੱਖਾਂ ਦੇ ਸਦਭਾਵਨਾ ਭਰੇ ਮਨੁੱਖੀ ਰਿਸਤੇ ਪ੍ਰਫੁੱਲਿਤ ਨਾ ਹੋਣ ਅਤੇ ਆਪਣੀ ਕੰਮਜੋਰੀ ਤੇ ਜੁਰਮ ਨੂੰ ਛੁਪਾਉਣ ਲਈ ਹੀ ਸਾਡੇ ਆਗੂਆਂ ਤੇ ਵਰਕਰਾਂ ਨੂੰ ਗ੍ਰਿਫਤਾਰ ਕਰਨ ਦੀ ਗੈਰ ਵਿਧਾਨਿਕ ਗੁਸਤਾਖੀ ਕੀਤੀ ਹੈ । ਇੰਡੀਅਨ ਹੁਕਮਰਾਨ ਅਜਿਹੇ ਅਮਲ ਕਰਕੇ ਕਦੀ ਵੀ ਆਪਣੇ ਉਤੇ ਕੌਮਾਂਤਰੀ ਪੱਧਰ ਤੇ ਬਾਹਰਲੇ ਮੁਲਕਾਂ ਵਿਚ ਵੱਸਣ ਵਾਲੇ ਸਿੱਖ ਨੌਜਵਾਨਾਂ ਨੂੰ ਆਪਣੀਆ ਏਜੰਸੀਆ ਆਈ.ਬੀ, ਰਾਅ, ਐਨ.ਆਈ.ਏ. ਅਤੇ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦੁਆਰਾ ਸਾਜਿਸਾਂ ਰਾਹੀ ਮਰਵਾਉਣ ਦੇ ਮਨੁੱਖਤਾ ਵਿਰੋਧੀ ਦੋਸ਼ਾਂ


ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more

"Homeopath R S Saini receiving International Award"
Director, West coast Homeopathic Society of Canada
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases
Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿਚੋਂ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



TMG LOGISTICS INC.
Need Owner Operators
NOW HIRING
*Vancouver to California *California to Alberta Back Vancouver
*Vancouver to East USA Return
Good Paying Loads

Need Company Drivers
*Single Driver Pay 52cents/mile*
*Team Drivers 32 cents/mile*
FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਇਜ਼ਰਾਇਲ:ਫਲਸਤੀਨ ਵਿਵਾਦ:ਗਾਜ਼ਾ ਪੱਟੀ ਕੀ ਹੈ?
## ਕਿਉਂ ਦਹਾਕਿਆਂ ਤੋਂ ਲੜ ਰਹੇ ਹਨ ਇਜ਼ਰਾਈਲ-ਹਮਾਸ:ਹੋਰ ਅਹਿਮ ਸਵਾਲਾਂ ਦੇ ਜਵਾਬ

ਗਾਜ਼ਾ: ਇਜ਼ਰਾਈਲ ਦੇ ਬਹੁਤੇ ਲੋਕ ਉਸ ਵੇਲੇ ਸੁੱਤੇ ਪਏ ਹੋਣਗੇ ਜਦੋਂ ਇਹ ਸ਼ੁਰੂ ਹੋਇਆ।ਸ਼ਨੀਵਾਰ ਦੇ ਦਿਨ ਇੱਕ ਧਾਰਮਿਕ ਤਿਓਹਾਰ -ਯਹੂਦੀ ਸੈਬਥ ਸੀ। ਲੋਕਾਂ ਨੇ ਇਹ ਦਿਨ ਕਿਸੇ ਯਹੂਦੀ ਧਾਰਮਿਕ ਸਥਾਨ ਵਿੱਚ ਜਾਂ ਆਪਣੇ ਸਬੰਧੀਆਂ ਨਾਲ ਇਕੱਠੇ ਮਨਾਉਣਾ ਸੀ।ਪਰ ਜਿਵੇਂ ਹੀ ਦਿਨ ਚੜ੍ਹਿਆ, ਹਮਾਸ ਵੱਲੋਂ ਛੱਡੇ ਗਏ ਰਾਕੇਟ ਦੀ ਵਾਛੜ ਇੰਨੇ ਵੱਡੇ ਪੱਧਰ ਉੱਤੇ ਸ਼ੁਰੂ ਹੋਈ ਜੋ ਪਹਿਲਾਂ ਕਦੇ ਕਿਸੇ ਨੇ ਨਹੀਂ ਦੇਖੀ ਸੀ। ਇਹ ਹਮਲਾ ਬੇਮਿਸਾਲ ਤਾਲਮੇਲ ਨਾਲ ਕੀਤਾ ਗਿਆ ਸੀ।ਕਈ ਸਾਲਾਂ ਤੋਂ ਇਜ਼ਰਾਈਲ ਆਪਣੇ ਅਤੇ ਫ਼ਲਸਤੀਨੀਆਂ ਦੇ ਗੜ੍ਹ ਗਾਜ਼ਾ ਪੱਟੀ ਵਿਚਲੀ ਸਰਹੱਦ ਨੂੰ ਮਜ਼ਬੂਤ ਕਰਦਾ ਆ ਰਿਹਾ ਹੈ। ਪਰ ਘੰਟਿਆਂ ਵਿੱਚ ਹੀ ਇਸ ਵਿਚਲੇ ਨੁਕਸ ਜਗਜ਼ਾਹਰ ਹੋ ਗਏ।ਇਹ ਜਾਣਨ ਲਈ ਕਿ ਫਲਸਤੀਨੀ ਸਮੂਹ ਹਮਾਸ ਨੇ ਗਾਜ਼ਾ ਵਿੱਚੋਂ ਇੰਨੇ ਆਧੁਨਿਕ ਢੰਗ ਅਤੇ ਤਾਲਮੇਲ ਨਾਲ ਹਮਲਾ ਕਿਵੇਂ ਕੀਤਾ ਗਿਆ, ਬੀਬੀਸੀ ਨਿਊਜ਼ ਵੱਲੋਂ ਹਥਿਆਰਬੰਦ ਲੜਾਕਿਆਂ ਅਤੇ ਆਮ ਨਾਗਰਿਕਾਂ ਵੱਲੋਂ ਰਿਕਾਰਡ ਕੀਤੀ ਗਈ ਫੁਟੇਜ ਦੀ ਜਾਂਚ ਕੀਤੀ ਗਈ।ਹਮਾਸ ਵੱਲੋਂ ਦਾਗੇ ਜਾਂਦੇ ਰਾਕੇਟ, ਜੋ ਕਿ ਬਹੁਤੇ ਵਿਕਸਿਤ ਨਹੀਂ ਹੁੰਦੇ, ਇਜ਼ਰਾਈਲ ਦੀ ਰਾਕੇਟ ਵਿਰੋਧੀ ਤਕਨੀਕ ‘ਆਇਰਨ ਡੋਮ ਮਿਸਾਈਲ ਡਿਫੈਂਸ ਸਿਸਟਮ’ ਦੇ ਅੱਗੇ ਨਕਾਰਾ ਹੋ ਜਾਂਦੇ ਹਨ। ਪਰ ਹਮਾਸ ਵੱਲੋਂ ਇੰਨੇ ਵੱਡੀ ਗਿਣਤੀ ਵਿੱਚ ਰਾਕੇਟ ਦਾਗੇ ਗਏ ਤਾਂ ਜੋ ਇਜ਼ਰਾਈਲੀ ਸੁਰੱਖਿਆ ਤਕਨੀਕ ਉੱਤੇ ਦਬਾਅ ਪਾਇਆ ਜਾ ਸਕੇ।ਇੰਨੀ ਵੱਡੀ ਗਿਣਤੀ ਵਿੱਚ ਰਾਕੇਟ ਦਾਗੇ ਜਾਣੇ ਇਹ ਦਰਸਾਉਂਦਾ ਹੈ ਕਿ ਹਮਲੇ ਲਈ ਕਈ ਮਹੀਨੇ ਪਹਿਲਾਂ ਤਿਆਰੀ ਕੀਤੀ ਗਈ ਸੀ ਅਤੇ ਅਸਲਾ ਇਕੱਠਾ ਕੀਤਾ ਗਿਆ ਸੀ। ਹਮਾਸ ਦਾ ਕਹਿਣਾ ਹੈ ਕਿ ਇਸ ਵੱਲੋਂ ਪਹਿਲੇ ਪੜਾਅ ਵਿੱਚ 5,000 ਰਾਕੇਟ ਦਾਗੇ ਗਏ (ਇਜ਼ਰਾਈਲ ਦਾ ਕਹਿਣਾ ਹੈ ਕਿ ਗਿਣਤੀ ਇਸ ਨਾਲੋਂ ਅੱਧੀ ਸੀ)।

ਬੀਬੀਸੀ ਅਨੁਸਾਰ ਹਮਾਸ ਲੜਾਕਿਆਂ ਦੀਆਂ ਲਾਸ਼ਾਂ ਅਜੇ ਵੀ ਖਿੰਡੀਆਂ ਪਈਆਂ ਹਨ, ਪਰ ਇਜ਼ਰਾਈਲੀ ਆਪਣੇ ਲੋਕਾਂ ਦੀਆਂ ਲਾਸ਼ਾਂ ਚੁੱਕ ਕੇ ਲੈ ਗਏ।ਰਾਇਟਰਜ਼ ਮੁਤਾਬਕ ਹਮਾਸ ਦੇ ਕਬਜ਼ੇ ਵਿੱਚੋਂ ਔਰਤਾਂ ਅਤੇ ਬੱਚਿਆਂ ਨੂੰ ਛੁਡਾਉਣ ਲਈ ਕਤਰ ਦੇ ਅਧਿਕਾਰੀ ਗੱਲਬਾਤ ਕਰ ਰਹੇ ਹਨ।ਹਮਾਸ ਨੇ ਕਿਹਾ ਹੈ, ‘‘ਅਸੀਂ ਬੰਧਕਾਂ ਨਾਲ ਮਨੁੱਖੀ, ਆਦਰਮਈ ਤਰੀਕੇ ਨਾਲ ਪੇਸ਼ ਆਉਣ ਲਈ ਬਚਨਬੱਧ ਹੈ।’’ਫਲਸਤੀਨੀ ਕੱਟੜਵਾਦੀ ਸਮੂਹ ਹਮਾਸ ਨੇ ਇਜ਼ਰਾਈਲ ‘ਤੇ ਬੇਮਿਸਾਲ ਹਮਲਾ ਕੀਤਾ ਹੈ, ਇਸਦੇ ਲੜਾਕਿਆਂ ਨੇ ਗਾਜ਼ਾ ਪੱਟੀ ਦੇ ਨੇੜੇ ਭਾਈਚਾਰਿਆਂ ਵਿੱਚ ਦਾਖ਼ਲ ਹੋ ਕੇ ਉੱਥੇ ਰਹਿਣ ਵਾਲ ਲੋਕਾਂ ਨੂੰ ਮਾਰਿਆ ਅਤੇ ਬੰਧੀ ਬਣਾਇਆ ਹੈ।ਹਮਾਸ ਫਲਸਤੀਨੀ ਕੱਟੜਪੰਥੀ ਇਸਲਾਮਿਕ ਜਥੇਬੰਦੀਆਂ ਵਿੱਚ ਸਭ ਤੋਂ ਵੱਡੀ ਖਾੜਕੂ ਜਥੇਬੰਦੀ ਹੈ।ਹਮਾਸ ਨੇ ਇਜ਼ਰਾਈਲ ਦੇ ਵਿਨਾਸ਼ ਦੀ ਸਹੁੰ ਖਾਧੀ ਹੋਈ ਹੈ ਅਤੇ 2007 ਵਿੱਚ ਗਾਜ਼ਾ ਵਿੱਚ ਸੱਤਾ ਸੰਭਾਲਣ ਤੋਂ ਬਾਅਦ ਉਹ ਇਜ਼ਰਾਈਲ ਨਾਲ ਕਈ ਯੁੱਧ ਲੜ ਚੁੱਕੇ ਹਨ।ਉਨ੍ਹਾਂ ਯੁੱਧਾਂ ਦੇ ਵਿਚਾਲੇ, ਇਸ ਨੇ ਗੋਲੀਬਾਰੀ ਕੀਤੀ ਹੈ ਜਾਂ ਦੂਜੇ ਸਮੂਹਾਂ ਨੂੰ ਇਜ਼ਰਾਈਲ ‘ਤੇ ਹਜ਼ਾਰਾਂ ਰਾਕੇਟ ਦਾਗਣ ਦੀ ਇਜਾਜ਼ਤ ਦਿੱਤੀ ਹੈ ਅਤੇ ਕਈ ਹੋਰ ਘਾਤਕ ਹਮਲੇ ਕੀਤੇ ਹਨ।ਇਜ਼ਰਾਈਲ ਨੇ ਵੀ ਵਾਰ-ਵਾਰ ਹਮਾਸ ‘ਤੇ ਹਵਾਈ ਹਮਲੇ ਕੀਤੇ ਅਤੇ ਮਿਸਰ ਦੇ ਨਾਲ ਮਿਲ ਕੇ, 2007 ਤੋਂ ਗਾਜ਼ਾ ਪੱਟੀ ਦੀ ਨਾਕਾਬੰਦੀ ਕੀਤੀ ਹੋਈ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਆਪਣੀ ਸੁਰੱਖਿਆ ਲਈ ਹੈ।

**ਗਾਜ਼ਾ ਪੱਟੀ ਕੀ ਹੈ?**

ਗਾਜ਼ਾ ਪੱਟੀ ਇਜ਼ਰਾਈਲ, ਮਿਸਰ ਅਤੇ ਭੂਮੱਧ ਸਾਗਰ ਦੇ ਵਿਚਕਾਰ 41 ਕਿਲੋਮੀਟਰ (25-ਮੀਲ) ਲੰਬਾ ਅਤੇ 10 ਕਿਲੋਮੀਟਰ-ਚੌੜਾ ਖੇਤਰ ਹੈ। ਇਹ ਲਗਭਗ 23 ਲੱਖ ਲੋਕਾਂ ਦਾ ਘਰ ਹੈ ਅਤੇ ਦੁਨੀਆ ਵਿੱਚ ਸਭ ਤੋਂ ਵੱਧ ਆਬਾਦੀ ਦੀ ਘਣਤਾ ਵਿੱਚੋਂ ਇੱਕ ਹੈ।ਇਜ਼ਰਾਈਲ ਵੱਲੋਂ ਗਾਜ਼ਾ ਅਤੇ ਇਸ ਦੇ ਸਮੁੰਦਰੀ ਕੰਢੇ ‘ਤੇ ਹਵਾਈ ਖੇਤਰ ਨੂੰ ਨਿਯੰਤਰਿਤ ਕੀਤਾ ਜਾਂਦਾ ਹੈ।ਇਸ ਦੇ ਨਾਲ ਹੀ ਇਹ ਇਸ ‘ਤੇ ਵੀ ਪਾਬੰਦੀ ਲਗਾਉਂਦਾ ਹੈ ਕਿ ਇਸ ਦੀਆਂ ਸਰਹੱਦੀ ਕ੍ਰਾਸਿੰਗਾਂ ਰਾਹੀਂ ਕਿਸ ਨੂੰ ਅਤੇ ਕਿਸ ਸਾਮਾਨ ਨੂੰ ਅੰਦਰ ਅਤੇ ਬਾਹਰ ਜਾਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ।ਇਸੇ ਤਰ੍ਹਾਂ, ਮਿਸਰ ਵੀ ਗਾਜ਼ਾ ਨਾਲ ਲੱਗਦੀ ਆਪਣੀ ਸਰਹੱਦ ਦੇ




ਅੰਦਰ ਅਤੇ ਬਾਹਰ ਜਾਣ ਵਾਲੇ ਨੂੰ ਨਿਯੰਤਰਿਤ ਕਰਦਾ ਹੈ।ਸੰਯੁਕਤ ਰਾਸ਼ਟਰ ਅਨੁਸਾਰ, ਗਾਜ਼ਾ ਦੀ ਲਗਭਗ 80% ਆਬਾਦੀ ਕੌਮਾਂਤਰੀ ਸਹਾਇਤਾ ‘ਤੇ ਨਿਰਭਰ ਕਰਦੀ ਹੈ ਅਤੇ ਲਗਭਗ 10 ਲੱਖ ਲੋਕ ਰੋਜ਼ਾਨਾ ਭੋਜਨ ਸਹਾਇਤਾ ‘ਤੇ ਨਿਰਭਰ ਕਰਦੇ ਹਨ।

**ਫਲਸਤੀਨ ਕੀ ਹੈ ਅਤੇ ਇਨ੍ਹਾਂ ਘਟਨਾਵਾਂ ਦਾ ਇਸ ਨਾਲ ਕੀ ਸਬੰਧ ਹੈ?**

ਵੈਸਟ ਬੈਂਕ ਅਤੇ ਗਾਜ਼ਾ, ਜੋ ਕਿ ਫਲਸਤੀਨੀ ਖੇਤਰਾਂ ਵਜੋਂ ਜਾਣੇ ਜਾਂਦੇ ਹਨ, ਨਾਲ ਹੀ ਪੂਰਬੀ ਯੇਰੂਸ਼ਲਮ ਅਤੇ ਇਜ਼ਰਾਈਲ, ਰੋਮਨ ਕਾਲ ਤੋਂ ਫਲਸਤੀਨ ਵਜੋਂ ਜਾਣੀ ਜਾਂਦੀ ਭੂਮੀ ਦਾ ਹਿੱਸਾ ਹਨ।ਇਹ ਬਾਈਬਲ ਵਿਚ ਯਹੂਦੀ ਸਾਮਰਾਜਾਂ ਦੀਆਂ ਜ਼ਮੀਨਾਂ ਵੀ ਸਨ ਅਤੇ ਯਹੂਦੀ ਇਸ ਨੂੰ ਆਪਣੀ ਮਾਤ ਭੂਮੀ ਵਜੋਂ ਦੇਖਦੇ ਸਨ।

ਇਜ਼ਰਾਈਲ ਨੂੰ 1948 ਵਿੱਚ ਇੱਕ ਦੇਸ਼ ਐਲਾਨ ਦਿੱਤਾ ਗਿਆ ਸੀ, ਹਾਲਾਂਕਿ ਇਸ ਧਰਤੀ ਨੂੰ ਅਜੇ ਵੀ ਉਨ੍ਹਾਂ ਲੋਕਾਂ ਵੱਲੋਂ ਫਲਸਤੀਨ ਆਖਿਆ ਜਾਂਦਾ ਹੈ ਜੋ ਇਜ਼ਰਾਈਲ ਦੀ ਹੋਂਦ ਦੇ ਅਧਿਕਾਰ ਨੂੰ ਮਾਨਤਾ ਨਹੀਂ ਦਿੰਦੇ ਹਨ।ਫਲਸਤੀਨੀ ਵੀ ਪੱਛਮੀ ਕੰਢੇ, ਗਾਜ਼ਾ ਅਤੇ ਪੂਰਬੀ ਯੇਰੂਸ਼ਲਮ ਲਈ ਇੱਕ ਵਿਆਪਕ ਸ਼ਬਦ ਵਜੋਂ ਫਲਸਤੀਨ ਨਾਮ ਦੀ ਵਰਤੋਂ ਕਰਦੇ ਹਨ।

**ਇਜ਼ਰਾਇਲ ਅਤੇ ਹਮਾਸ ਕਿਉਂ ਲੜ ਰਹੇ ਹਨ ?**

ਇਜ਼ਰਾਈਲ ਅਤੇ ਹਮਾਸ ਵਿਚਾਲੇ ਲਗਾਤਾਰ ਤਣਾਅ ਜਾਰੀ ਹੈ ਪਰ ਲੰਘੇ ਸ਼ਨੀਵਾਰ ਨੂੰ ਹਮਾਸ ਵੱਲੋਂ ਇਹ ਹਮਲਾ ਬਿਨਾਂ ਕਿਸੇ ਚਿਤਾਵਨੀ ਦੇ ਕੀਤਾ ਗਿਆ।ਹਮਾਸ ਨੇ ਇਜ਼ਰਾਈਲ ‘ਤੇ ਹਜ਼ਾਰਾਂ ਰਾਕੇਟ ਦਾਗ਼ੇ ਜਦਕਿ ਦਰਜਨਾਂ ਲੜਾਕਿਆਂ ਨੇ ਸਰਹੱਦ ਦੀ ਪਾਰ ਕੀਤੀ ਅਤੇ ਇਜ਼ਰਾਈਲੀ ਭਾਈਚਾਰਿਆਂ ‘ਤੇ ਹਮਲਾ ਕੀਤਾ, ਦਰਜਨਾਂ ਨਾਗਰਿਕਾਂ ਨੂੰ ਮਾਰਿਆ ਅਤੇ ਕਈਆਂ ਨੂੰ ਬੰਦੀ ਬਣਾ ਲਿਆ।ਇਜ਼ਰਾਈਲ ਨੇ ਇਹ ਕਹਿੰਦੇ ਹੋਏ ਤੁਰੰਤ ਹਵਾਈ ਹਮਲੇ ਸ਼ੁਰੂ ਕਰ ਦਿੱਤੇ ਕਿ ਉਹ ਗਾਜ਼ਾ ਵਿੱਚ ਕੱਟੜਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ।

**ਇਹ ਹਮਲਾ ਕਿੰਨਾ ਬੇਮਿਸਾਲ ਹੈ?**

ਇਹ ਹਮਾਸ ਦਾ ਗਾਜ਼ਾ ਤੋਂ ਹੁਣ ਤੱਕ ਦਾ ਸਭ ਤੋਂ ਵੱਧ ਉਤਸ਼ਾਹੀ ਆਪ੍ਰੇਸ਼ਨ ਹੈ ਅਤੇ ਇਜ਼ਰਾਈਲ ਨੇ ਇੱਕ ਪੀੜ੍ਹੀ ਤੋਂ ਵੱਧ ਸਮੇਂ ਵਿੱਚ ਸਭ ਤੋਂ ਗੰਭੀਰ ਸਰਹੱਦ ਪਾਰ ਹਮਲੇ ਦਾ ਸਾਹਮਣਾ ਕੀਤਾ ਹੈ।ਹਮਸ ਦੇ ਖਾੜਕੂਆਂ ਨੇ ਕਈ ਥਾਵਾਂ ‘ਤੇ ਗਾਜ਼ਾ ਨੂੰ ਇਜ਼ਰਾਈਲ ਤੋਂ ਵੱਖ ਕਰਨ ਵਾਲੀ ਤਾਰ ਦੀ ਉਲੰਘਣਾ ਕੀਤੀ।ਇਹ ਬੇਮਿਸਾਲ ਹਮਲਾ 1973 ਵਿੱਚ ਮਿਸਰ ਅਤੇ ਸੀਰੀਆ ਵੱਲੋਂ ਕੀਤੇ ਗਏ ਅਚਨਚੇਤ ਹਮਲੇ ਦੀ 50ਵੀਂ ਵਰ੍ਹੇਗੰਢ ਤੋਂ ਇੱਕ ਦਿਨ ਬਾਅਦ ਹੋਇਆ ਹੈ।50 ਸਾਲ ਪਹਿਲਾਂ ਇਸ ਹਮਲੇ ਨੇ ਮੱਧ ਪੂਰਬ ਵਿੱਚ ਇੱਕ ਵੱਡਾ ਯੁੱਧ ਸ਼ੁਰੂ ਕੀਤਾ ਸੀ।

**ਕੀ ਇਹ ਇੱਕ ਵੱਡੀ ਇਜ਼ਰਾਈਲੀ ਖ਼ੁਫ਼ੀਆ ਅਸਫ਼ਲਤਾ ਹੈ?**

ਇਜ਼ਰਾਈਲ ਦੀ ਘਰੇਲੂ ਖ਼ੁਫ਼ੀਆ ਏਜੰਸੀ ਸ਼ਿਨ ਬੇਟ ਹੈ ਅਤੇ ਇਸਦੀ ਬਾਹਰੀ ਜਾਸੂਸੀ ਏਜੰਸੀ ਮੋਸਾਦ ਅਤੇ ਇਜ਼ਰਾਈਲ ਰੱਖਿਆ ਬਲਾਂ ਦੀਆਂ ਸਾਰੀਆਂ ਸੰਪਤੀਆਂ ਦੇ ਸਾਂਝੇ ਯਤਨਾਂ ਨਾਲ, ਉਹ ਕਹਿੰਦੇ ਹਨ ਕਿ ਇਹ ਸਪੱਸ਼ਟ ਤੌਰ ‘ਤੇ ਹੈਰਾਨੀਜਨਕ ਹੈ ਕਿ ਕਿਸੇ ਨੇ ਵੀ ਇਸ ਨੂੰ ਆਉਂਦੇ ਹੋਏ ਨਹੀਂ ਦੇਖਿਆ ਜਾਂ ਇਸ ‘ਤੇ ਕਾਰਵਾਈ ਕਰਨ ਵਿੱਚ ਅਸਫਲ ਰਿਹਾ।ਇਜ਼ਰਾਈਲ ਕੋਲ ਫਲਸਤੀਨੀ ਕੱਟੜਵਾਦੀ ਸਮੂਹਾਂ ਦੇ ਨਾਲ-ਨਾਲ

(ਬਾਕੀ ਸਫਾ ਬੀ-10 ਤੇ)

☞ ਤੋ ਕਦੇ ਨਹੀ ਬਚ ਸਕੇਗਾ।ਬਲਕਿ ਦਿਨੋ ਦਿਨ ਇਸ ਸਿੱਖ ਕੌਮ ਦੇ ਹੋਏ ਕਤਲੇਆਮ ਦਾ ਸੱਚ ਦੁਨੀਆ ਪੱਧਰ ਤੇ ਹੋਰ ਨਿਖਰਕੇ ਸਾਹਮਣੇ ਆਵੇਗਾ ਅਤੇ ਇੰਡੀਆ ਦੀ ਮੁਤੱਸਵੀ ਮੋਦੀ ਹਕੂਮਤ ਨੂੰ ਸਿੱਖ ਕੌਮ ਜੋ ਆਪਣੀ ਕੌਮਾਂਤਰੀ ਨਿਯਮਾਂ ਕਾਨੂੰਨਾਂ ਅਨੁਸਾਰ ਆਜਾਦੀ ਦਾ ਸੰਘਰਸ ਲੜ ਰਹੀ ਹੈ, ਉਸਨੂੰ ਕੌਮਾਂਤਰੀ ਪਲੇਟਫਾਰਮ ਤੇ ਸਿੱਖ ਕੌਮ ਨੂੰ ਹਰ ਕੀਮਤ ਤੇ ਯਾਦ ਵੀ ਕਰਨਾ ਪਵੇਗਾ ਅਤੇ ਜਿਨ੍ਹਾਂ ਸਿੱਖਾਂ ਭਾਈ ਦੀਪ ਸਿੰਘ ਸਿੱਧੂ, ਸੁਭਦੀਪ ਸਿੰਘ ਸਿੱਧੂ ਮੂਸੇਵਾਲਾ, ਪਰਮਜੀਤ ਸਿੰਘ ਪੰਜਵੜ, ਰਿਪੁਦਮਨ ਸਿੰਘ ਮਲਿਕ ਅਤੇ ਅਵਤਾਰ ਸਿੰਘ ਖੰਡਾ ਆਦਿ ਸਭਨਾਂ ਦੇ ਕਤਲ ਦੀ ਕੌਮਾਂਤਰੀ ਕਾਨੂੰਨਾਂ ਅਨੁਸਾਰ ਕੇਵਲ ਸਜ਼ਾ ਹੀ ਨਹੀ ਭੁਗਤਣੀ ਪਵੇਗੀ, ਬਲਕਿ ਸਿੱਖ ਕੌਮ ਅਤੇ ਹੋਰ ਘੱਟ ਗਿਣਤੀ ਕੌਮਾਂ ਨਾਲ ਕੀਤੇ ਜਾ ਰਹੇ ਅਣਮਨੁੱਖੀ ਜ਼ਬਰ ਤੇ ਜੁਲਮ ਤੋ ਤੋਬਾ ਵੀ ਕਰਨੀ ਪਵੇਗੀ ।


Injured in an accident?
ICBC claim?

We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੈਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.



Mandeep Randhawa,
*B.Sc., L.L.B (UBC)*

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999

RM TRIAL LAWYERS
MANDEEP RANDHAWA LAW CORPORATION

T 604 449 7500

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca

# ਫਾਂਸੀ ਤੋਂ ਕੁਝ ਦਿਨ ਪਹਿਲਾਂ ਜਿੰਦਾ–ਸੁੱਖਾ ਦੀ ਪੰਥ ਦੇ ਨਾਮ ਚਿੱਠੀ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਅੱਜ ਐਤਵਾਰ ਹੈ। ਰਾਤ ਨੂੰ ਇਹ ਚਿੱਠੀ ਅਸੀਂ ਆਹਮੋ–ਸਾਹਮਣੇ ਬੈਠਕੇ ਲਿਖ ਰਹੇ ਹਾਂ। ਆਪਣੀ ਕੌਮ ਨੂੰ ਯਾਦ ਕਰ ਰਹੇ ਹਾਂ। ਅਸੀਂ ਚਾਹੁੰਦੇ ਹਾਂ ਕਿ ਹਰ ਸਿੱਖ ਅੰਮ੍ਰਿਤਧਾਰੀ ਹੋਵੇ। ਸ਼ਸਤਰਧਾਰੀ ਹੋ ਕੇ ਖਾਲਸਾ ਪੰਥ ਦੀ ਸੇਵਾ ਕਰੇ। ਆਪਣੀ ਸਾਰੀ ਸਰੀਰਕ ਤੇ ਰੂਹਾਨੀ ਸ਼ਕਤੀ ਨੂੰ ਦਿੱਲੀ ਦਰਬਾਰ ਵਿਰੋਧ ਕੇਂਦਰਤ ਕਰਕੇ, ਆਪਣੀ ਰਾਜਸੀ ਚੇਤਨਾ ਨੂੰ ਇਕ ਬੁਲੰਦੀ ਤੇ ਪਹੁੰਚਾ ਕੇ, ਸਾਰਾ ਸੰਸਾਰ ਖਾਲਸਾ ਪੰਥ ਅਤੇ ਅਕਾਲ ਤਖਤ ਤੋਂ ਅਗਵਾਈ ਲੈਣ ਲਈ ਬਿਹਲਬਲ ਅਤੇ ਉਤਾਵਲਾ ਹੋ ਉੱਠੇ। ਜੰਗ–ਏ–ਖਾਲਿਸਤਾਨ ਦੁਨੀਆਂ ਭਰ ਵਿੱਚ ਲੜੀਆਂ ਗਈਆਂ ਅਤੇ ਲੜੀਆਂ ਜਾ ਰਹੀਆਂ ਜੰਗਾਂ ਨਾਲੋਂ ਭਿੰਨ ਹੈ ਕਿਉਂਕਿ ਜਿਥੇ ਦੂਸਰੀਆਂ ਜੱਦੋਜਹਿਦਾਂ ਦਾ ਆਧਾਰ ਦੁਨਿਆਵੀ ਕੀਮਤਾਂ ਹਨ, ਉਥੇ ਸਾਡੀ ਜੰਗ ਦਾ ਆਧਾਰ ਸੋਚ ਅਤੇ ਮਨੁੱਖਤਾ ਦੀ ਬੰਦਖਲਾਸੀ ਹੈ। ਖਾਲਿਸਤਾਨ ਦਾ ਸੰਘਰਸ਼ ਕੋਈ ਨਿਰਾ ਸਿਆਸੀ ਤੇ ਦੁਨਿਆਵੀ ਕਦਰਾਂ–ਕੀਮਤਾਂ ਦਾ ਰਿਣੀ ਨਹੀਂ ਸਗੋਂ ਇਸਦਾ ਸਹੀ ਅਰਥ ਧਰਮਯੁੱਧ ਹੈ। ਅਸੀਂ ਧਰਮ ਵਿੱਚ ਰੰਗ ਰੌਤਕ ਹੀ ਮੈਦਾਨੇਜੰਗ ਵਿੱਚ ਜਾਂਦੇ ਹਾਂ ਅਤੇ ਸਾਨੂੰ ਟੇਕ ਸਿਰਫ ਅਕਾਲ ਪੁਰਖ ਦੀ ਹੈ। ਸਾਨੂੰ ਬਹੁਤ ਪਿਆਰੇ ਹਨ, ਉਹ ਸਿੱਖੀ ਸਿਧਾਂਤ, ਜਿਨ੍ਹਾਂ ਕਾਰਣ ਅਸੀਂ ਧਰਮਯੁੱਧ ਆਰੰਭਿਆ ਸੀ। ਅਸੀਂ ਧਰਮ ਨੂੰ ਹਰਾ ਕੇ ਕੋਈ ਵੀ ਦੁਨਿਆਵੀ ਪਾਤਸ਼ਾਹੀ ਹਾਸਲ ਨਹੀਂ ਕਰਨਾ ਚਾਹੁੰਦੇ। ਐਸਾ ਕੋਈ ਵੀ ਖਾਲਿਸਤਾਨ ਸਿੱਖਾਂ ਲਈ ਘਾਤਕ ਹੋਵੇਗਾ, ਜੋ ਧਾਰਮਿਕ ਰੰਗ ਤੋਂ ਸੱਖਣਾ ਹੋਵੇ ਅਤੇ ਜਿਸ ਦੀ ਪ੍ਰਾਪਤੀ ਲਈ ਧਰਮ ਨੂੰ ਵਿਸਾਰਿਆ ਗਿਆ ਹੋਵੇ। ਪਿਛਲੇ 500 ਸਾਲਾਂ ਦੇ ਤਜ਼ਰਬੇ ਨੇ ਸਿੱਖਾਂ ਨੂੰ ਮਹਿਸੂਸ ਕਰਾ ਦਿੱਤਾ ਹੈ ਕਿ ਧਾਰਮਿਕ ਰਹਿਣ ਲਈ ਅਤੇ ਧਾਰਮਿਕ ਸਿੱਖਿਆਵਾਂ ਨੂੰ ਫੈਲਾਉਣ ਲਈ ਸਾਨੂੰ ਧਰਤੀ ਦੇ ਇਕ ਅਜਿਹੇ ਹਿੱਸੇ ਦੀ ਜ਼ਰੂਰਤ ਹੈ, ਜਿਥੇ ਸਾਡੀਆਂ ਜੜ੍ਹਾਂ ਫੈਲ ਸਕਣ। ਸਾਰਿਆਂ ਨੂੰ ਪਤਾ ਹੈ ਕਿ 1947 ਤੋਂ ਪਹਿਲਾਂ ਅਤੇ ਬਾਅਦ ਵਿੱਚ ਧਰਮਯੁੱਧ ਮੋਰਚੇ ਤੱਕ ਅਸੀਂ ਸ਼ਾਂਤਮਈ ਸੰਘਰਸ਼ ਦੀਆਂ ਉਹ ਸਿਖਰਾਂ ਛੂਹੀਆਂ ਹਨ, ਜੋ ਸਮੁੱਚੀ ਮਾਨਵਤਾ ਦੀਆਂ ਕਦਰਾਂ–ਕੀਮਤਾਂ ਦੇ ਇਤਿਹਾਸ ਦਾ ਸੁਨਹਿਰੀ ਅੰਗ ਹਨ। ਪਰ ਜਦੋਂ ਕੋਈ ਸੱਤਾ ਦੇ ਨਸ਼ੇ ਵਿੱਚ ਅੰਨ੍ਹਾ ਤੇ ਬੋਲਾ ਹੋ ਜਾਂਦਾ ਹੈ, ਉਸ ਵਕਤ ਸੰਘਰਸ਼ ਜ਼ਰੂਰੀ ਅਤੇ ਪਵਿੱਤਰ ਹੋ ਜਾਂਦਾ ਹੈ। ਖਾਲਸਾ ਸੰਘਰਸ਼ ਉਦੋਂ ਹੀ ਕਰਦਾ ਹੈ, ਜਦੋਂ ਹੋਰ ਹੀਲੇ ਨਿਸਫਲ ਹੋ ਜਾਂਦੇ ਹਨ। ਜਿਵੇਂ ਦਸਵੇਂ ਪਾਤਸ਼ਾਹ ਦਾ ਫੁਰਮਾਨ ਹੈ।

'ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸਤ<br>
ਹਲਾਲ ਅਸਤ ਬੁਰਦਨ ਬ–ਸ਼ਮਸ਼ੀਰ ਦਸਤ॥'

ਅੱਜ ਖਾਲਸਾ ਪੰਥ ਦੇ ਸਾਹਮਣੇ ਵਿਚਾਰ ਦਾ ਨੁਕਤਾ ਇਹ ਨਹੀਂ ਕਿ ਖਾੜਕੂ ਸੰਘਰਸ਼ ਲੜਿਆ ਜਾਵੇ ਤਾਂ ਸ਼ਾਂਤਮਈ ? ਸਾਡੀ ਵਿਚਾਰਸ਼ਕਤੀ ਇਸ ਨੁਕਤੇ 'ਤੇ ਕੇਂਦਰਤ ਹੋਣੀ ਚਾਹੀਦੀ ਹੈ ਕਿ ਖਾੜਕੂ ਸੰਘਰਸ਼ ਵੱਡੇ ਅਸੂਲਾਂ ਅਤੇ ਇਲਾਹੀ ਕਦਰਾਂ–ਕੀਮਤਾਂ ਅਧੀਨ ਹੀ ਲੜੇ ਜਾਣ ਅਤੇ ਤਲਵਾਰ ਦੁੱਖ ਦੇਣ ਲਈ ਨਹੀਂ ਸਗੋਂ ਸੁੱਖ ਲਿਆਉਣ ਲਈ ਉਠਾਉਣੀ ਚਾਹੀਦੀ ਹੈ। ਬੰਦੂਕ ਸਦਾ ਹੀ ਫਲਸਫੇ ਦੇ ਅਧੀਨ ਚਾਹੀਦੀ ਹੈ। ਜੰਗਾਂ ਅਤੇ ਸ਼ਸਤਰਾਂ ਦਾ ਸਿੱਖਾਂ ਨਾਲ ਗਹਿਰਾ ਰਿਸ਼ਤਾ ਹੈ। ਜੰਗ ਅਤੇ ਸ਼ਸ਼ਤਰ ਤੋਂ ਮੁਨਕਰ ਹੋਣ ਵਾਲਾ ਸਿੱਖ ਭਟਕ ਚੁੱਕਿਆ ਹੈ। ਮਨੁੱਖਾਂ ਦੀਆਂ ਸਮੂੰਹ



ਕੌਮਾਂ ਅਤੇ ਜਾਤਾਂ ਨੂੰ ਇਹ ਧਰਮਯੁੱਧ ਸੱਚੋ– ਸੱਚ ਦਾ ਹੋਕਾ ਦੇਂਦਾ ਹੈ ਅਤੇ ਉਨ੍ਹਾਂ ਦੀ ਆਤਮਾ ਨੂੰ ਵੰਗਾਰਦਾ ਹੈ, ਤਾਂ ਜੋ ਮਨੁੱਖਤਾ ਆਪਣਾ ਮਾਰਗ ਪਛਾਣੇ। ਆਓ ਆਪਾਂ ਉਨ੍ਹਾਂ ਮਾਰਗਾਂ ਵੱਲ ਵਧੀਏ, ਜਿਨ੍ਹਾਂ ਬਾਰੇ ਗੁਰਾਂ ਨੇ ਫੁਰਮਾਇਆ ਹੈ –

'ਚਰਨ ਚਲਉ ਮਾਰਗਿ ਗੋਬਿੰਦ॥<br>
ਮਿਟਹਿ ਪਾਪ ਜਪੀਐ ਹਰਬਿੰਦ॥'

ਕਿੰਨੇ ਫ਼ਖ਼ਰ ਵਾਲੀ ਗੱਲ ਹੈ ਕਿ ਸਾਨੂੰ ਮਨੁੱਖਾ ਜਨਮ ਨਸੀਬ ਹੋਇਆ, ਉਹ ਵੀ ਗੁਰੂਆਂ ਜੀ ਦੀ ਧਰਤੀ 'ਤੇ। ਕਿੱਡੇ ਵਡਭਾਗੇ ਹਾਂ ਕਿ ਸਾਡੀ ਮਾਂ ਬੋਲੀ ਗੁਰਬਾਣੀ ਹੈ, ਜਿਸ ਰਾਹੀਂ ਗੁਰੂਆਂ ਨੇ ਮਨੁੱਖਤਾ ਨੂੰ ਉਪਦੇਸ਼ ਦਿੱਤਾ। ਜਦੋਂ ਸਿੱਖ ਆਪਣੇ ਵਿਰਸੇ ਤੇ ਧਰ੍ਮ ਨੂੰ ਥੋੜ੍ਹਾ ਜਿੰਨਾਂ ਵੀ ਸਮਝ ਲਵੇਗਾ, ਉਸ ਵਕਤ ਉਸਦੇ ਮਸਲੇ ਹੱਲ ਹੋ ਜਾਣਗੇ। ਅਸੀਂ ਜੁਝਾਰੂ ' ਵੀਰਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਆਪਣੇ ਸਹੀ ਰਾਹ ਨੂੰ ਪਛਾਣਨ ਅਤੇ ਭੂਤਕਾਲ ਦਾ ਮੁਲਾਂਕਣ ਕਰਕੇ ਸੁਨਹਿਰੀ ਭਵਿੱਖ ਦੀ ਉਸਾਰੀ ਲਈ ਹੋਰ ਸਰਗਰਮ ਹੋਣ। ਅਸੀਂ ਅਸੂਲਾਂ ਲਈ ਉੱਚੇ ਇਖਲਾਕ ਦੀ ਲੜਾਈ ਲੜਨੀ ਹੈ। ਇਸ ਸਫਰ ਦੇ ਪਾਂਧੀਆਂ ਲਈ ਇਹ ਜ਼ਰੂਰੀ ਹੈ ਕਿ ਉਨ੍ਹਾਂ ਦਾ ਕਿਰਦਾਰ ਬਹੁਤ ਉੱਚਾ ਹੋਵੇ। ਕਿਸੇ ਦੁਸ਼ਟ ਦੋਖੀ ਨੂੰ ਸੋਧਣ ਦਾ ਹੱਕ ਉਸ ਗੁਰਮੁਖ ਨੂੰ ਹੀ ਹੈ, ਜਿਸਦਾ ਆਪਣਾ ਜੀਵਨ ਇਖਲਾਕ ਉਸ ਦੁਸ਼ਟ ਤੋਂ ਬਹੁਤ ਉੱਚਾ ਹੋਵੇ। ਇਨ੍ਹਾਂ ਲੀਹਾਂ 'ਤੇ ਤੁਰਦਿਆਂ ਹੀ ਸਤਿਗੁਰਾਂ ਸਾਡੇ 'ਤੇ ਮਿਹਰ ਕਰਨੀ।– ਹਰਜਿੰਦਰ ਸਿੰਘ, ਸੁਖਦੇਵ ਸਿੰਘ ਪੂਨਾ ਜੇਲ੍ਹ

## ਏਸ਼ੀਆਈ ਖੇਡਾਂ ਵਿਚ ਪੰਜਾਬੀ ਖਿਡਾਰੀਆਂ ਨੇ ਕੀਤੀ ਕਮਾਲ

ਚੰਡੀਗੜ੍ਹ (ਨਿਮਰਤ)ਪਹਿਲੀ ਵਾਰ ਇੰਜ ਜਾਪ ਰਿਹਾ ਸੀ ਕਿ ਸਾਡੇ ਖਿਡਾਰੀ ਦੁਨੀਆਂ ਦੇ ਖਿਡਾਰੀਆਂ ਦੇ ਬਰਾਬਰ ਦੇ ਹਨ ਅਤੇ ਇਸ ਨਾਲ ਮਾਣ ਸੱਭ ਨੂੰ ਹੋ ਰਿਹਾ ਸੀ। ਇਨ੍ਹਾਂ ਖੇਡਾਂ ਤੋਂ ਹੁਣ 2024 ਦੀਆਂ ਉਲੰਪਿਕ ਖੇਡਾਂ ਵਾਸਤੇ ਵੀ ਉਮੀਦ ਜਾਗੀ ਹੈ। ਸਿਫ਼ਤ ਕੌਰ ਵਰਗੇ ਖਿਡਾਰੀ ਤਾਂ ਵਿਸ਼ਵ ਰਿਕਾਰਡ ਤੋੜ ਕੇ ਆਏ ਹਨ। ਸਾਡੀ ਹਾਕੀ ਦੀ ਟੀਮ ਕਿੰਨੇ ਸਾਲਾਂ ਬਾਅਦ ਮੁੜ ਤੋਂ ਇਸ ਖੇਡ ਵਿਚ ਪਹਿਲਾ ਸਥਾਨ ਜਿੱਤਣ ਦੀ ਤਿਆਰੀ ਵਿਚ ਹੈ। ਤਜਿੰਦਰਪਾਲ ਸਿੰਘ ਤੂਰ ਜਿਸ ਨੇ ਦੂਜੀ ਵਾਰ ਸੋਨੇ ਦਾ ਤਮਗ਼ਾ ਜਿੱਤਿਆ ਹੈ ਅਤੇ ਹਰਮਿਲਨ ਬੈਂਸ ਨੇ ਦੌੜ ਵਿਚ ਸਿਲਵਰ ਮੈਡਲ ਪ੍ਰਾਪਤ ਕੀਤਾ ਹੈ। ਇਨ੍ਹਾਂ ਸਾਰਿਆਂ ਦੀ ਮਿਹਨਤ ਨੂੰ ਸਲਾਮ ਕਰਨਾ ਬਣਦਾ ਹੈ। ਭਾਰਤੀ ਦੌੜਾਕ ਪਾਰੁਲ ਚੌਧਰੀ ਜਦ ਅਪਣੀ 5000 ਮੀਟਰ ਦੌੜ ਦੇ ਆਖ਼ਰੀ 20 ਸੈਕਿੰਡਾ ਵਿਚ ਜਾਪਾਨੀ ਖਿਡਾਰੀ ਦੇ ਪਿਛੇ ਸੀ ਤਾਂ ਉਸ ਨੇ ਅਪਣੇ ਆਪ ਨੂੰ ਯਾਦ ਕਰਵਾਇਆ ਕਿ ਸੋਨੇ ਦਾ ਤਮਗ਼ਾ ਜਿਤਿਆ ਤਾਂ ਪੁਲਿਸ ਦੀ ਵਰਦੀ ਮਿਲੇਗੀ ਤੇ ਉਹ ਮਾਮੂਲੀ ਟਰੇਨ ਦੀਆਂ ਟਿਕਟਾਂ ਕੱਟਣ ਤੋਂ ਬਚ ਜਾਏਗੀ।ਪੰਜਾਬ ਵਿਚ ਇਸ ਵਾਰ ਇਕ ਨਵੀਂ ਨੀਤੀ ਬਣਾਈ ਗਈ ਹੈ ਜਿਸ ਅਨੁਸਾਰ ਹਰ ਵਾਰ ਏਸ਼ੀਅਨ ਖੇਡਾਂ ਵਾਸਤੇ ਚੁਣੇ ਗਏ ਖਿਡਾਰੀ ਨੂੰ ਜਾਣ ਤੋਂ ਪਹਿਲਾਂ 8–8 ਲੱਖ ਦਿਤੇ ਜਾਣਗੇ ਤਾਕਿ ਉਨ੍ਹਾਂ ਨੂੰ ਤੰਗੀ ਨਾ ਮਹਿਸੂਸ ਕਰਨੀ ਪਵੇ ਅਤੇ ਚੰਗੀ ਖ਼ੁਰਾਕ ਅਤੇ ਤਿਆਰੀ ਨਾਲ ਉਹ ਖੇਡ ਮੈਦਾਨ ਵਿਚ ਜਾ ਸਕਣ।ਪੰਜਾਬ ਦੇ 33 ਖਿਡਾਰੀਆਂ ਨੇ 19 ਤਮਗ਼ੇ ਜਿੱਤ ਕੇ ਸਾਰੇ ਦੇਸ਼ ਨੂੰ ਯਾਦ ਕਰਵਾਇਆ ਹੈ ਕਿ ਪੰਜਾਬੀ ਨੌਜਵਾਨ ਸਿਰਫ਼ ਨਸ਼ਈ ਤੇ ਗੈਂਗਸਟਰ ਹੀ ਨਹੀਂ।


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruff, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu<br>
D.H.M.S. (Hons.)<br>
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu<br>
D.H.M.S. (Pb.)<br>
drksidhu70@gmail.com

Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)



Expert Advice, Consultation & Representation in all your legal matters



FAMILY LAW
- Separation, marriage, prenuptial and co-habitation agreements
- Divorce and separation proceedings
- Child and Spousal support
- Division of Property
- Adoption Applications
- Right to move with child applications

IMMIGRATION LAW
- Students, Workers and Visitors cases
- All Immigration matters
- Sponsorship cases

REAL ESTATE IN BC AND ALBERTA
- Sale and purchase of Residential and Commercial Properties in BC and Alberta
- Sale & Purchase of Business
- Land Use, Real Estate, Property Tax Assessment
- Lien Claims
- Contractual Claims
- Real Estate Litigation

EMPLOYMENT LAW
- Review of employment contracts
- Drafting employment contracts
- Wrongful dismissal
- Breach of employment contract
- Workplace injury
- Exploitation & workplace harassment
- Workplace events claims

CORPORATE & BUSINESS LAW
- Share holder agreements
- Lease agreement
- Tenancy agreement
- Formation & dissolving of companies
- Partnerships and joint ventures
- Business / Shareholder disputes

NOTARY SERVICES
- Notarizations
- Wills, Estates and Trusts
- Affidavits and Declarations
- Visitor Visa, Super Visa Declarations
- Sponsorship Declarations
- Power of attorney

BENEFITS OF CHOOSING US
- Low Cost & High Quality Legal Service
- Honest Advice & Customized Solutions
- Client's Satisfaction & Peace of Mind
- Best Results

CHARANJEET KAUR RAINA<br>
LAWYER AND NOTARY PUBLIC

778 835 8455

#201-13049 76th Avenue, Surrey BC V3W2V7<br>
www.rainalaw.com Email : craina@rainalaw.com

(ਸਫਾ ਬੀ-08 ਦੀ ਬਾਕੀ)

ਲੇਬਨਾਨ, ਸੀਰੀਆ ਅਤੇ ਹੋਰ ਥਾਵਾਂ 'ਤੇ ਮੁਖ਼ਬਰਾਂ ਅਤੇ ਏਜੰਟਾਂ ਦੇ ਨਾਲ ਮੱਧ ਪੂਰਬ ਵਿੱਚ ਸਭ ਤੋਂ ਵਿਆਪਕ ਅਤੇ ਚੰਗੀ ਤਰ੍ਹਾਂ ਫੰਡ ਪ੍ਰਾਪਤ ਖ਼ੁਫ਼ੀਆ ਸੇਵਾਵਾਂ ਹਨ।ਜੇਕਰ ਜ਼ਮੀਨੀ ਪੱਧਰ 'ਤੇ ਦੇਖਿਆ ਜਾਵੇ ਤਾਂ ਗਾਜ਼ਾ ਅਤੇ ਇਜ਼ਰਾਈਲ ਵਿਚਕਾਰ ਤਣਾਅ ਵਾਲੀ ਸਰਹੱਦੀ ਵਾੜ 'ਤੇ ਕੈਮਰੇ, ਜ਼ਮੀਨੀ-ਮੋਸ਼ਨ ਸੈਂਸਰ ਅਤੇ ਲਗਾਤਾਰ ਫੌਜੀ ਗਸ਼ਤ ਹੁੰਦੀ ਹੈ।ਇਸ ਹਮਲੇ ਵਿੱਚ ਹੋਣ ਵਾਲੀ ਘੁਸਪੈਠ ਨੂੰ ਬਿਲਕੁਲ ਰੋਕਣ ਲਈ ਕੰਡਿਆਲੀ ਤਾਰ ਵਾਲੀ ਵਾੜ ਨੂੰ ਇੱਕ "ਸਮਾਰਟ ਬੈਰੀਅਰ" ਮੰਨਿਆ ਜਾਂਦਾ ਹੈ।ਫਿਰ ਵੀ ਹਮਾਸ ਦੇ ਲੜਾਕਿਆਂ ਨੇ ਇਸ ਰਾਹੀਂ ਆਪਣਾ ਰਸਤਾ ਤਿਆਰ ਕੀਤਾ, ਤਾਰ ਵਿੱਚ ਛੇਕ ਕੀਤੇ ਜਾਂ ਪੈਰਾਗਲਾਈਡਰ ਜਾਂ ਸਮੁੰਦਰ ਰਾਹੀਂ ਇਜ਼ਰਾਈਲ ਵਿੱਚ ਦਾਖ਼ਲ ਹੋਏ।

### ਮੋਸਾਦ ਕੀ ਹੈ?

ਮੋਸਾਦ, ਇਜ਼ਰਾਈਲ ਦੀ ਖ਼ੁਫ਼ੀਆ ਏਜੰਸੀ ਹੈ, ਜਿਸ ਦੀ ਸਥਾਪਨਾ 1949 ਵਿੱਚ ਹੋਈ ਸੀ। ਬਹੁਤ ਹੀ ਗੁਪਤ ਤਰੀਕੇ ਨਾਲ ਕੰਮ ਕਰਨ ਵਾਲੀ ਮੋਸਾਦ ਆਪਣੀਆਂ ਬਹਾਦਰੀ ਵਾਲੀਆਂ ਕਾਰਵਾਈਆਂ ਲਈ ਜਾਣੀ ਜਾਂਦੀ ਹੈ।ਮੋਸਾਦ 'ਤੇ ਕਈ ਕਤਲਾਂ ਦੇ ਇਲਜ਼ਾਮ ਵੀ ਹਨ।ਮੋਸਾਦ ਦੇ ਸਾਬਕਾ ਏਜੰਟ ਗੈਡ ਸ਼ਿਮਰੋਨ ਨੇ ਬੀਬੀਸੀ ਨੂੰ ਦੱਸਿਆ ਸੀ, "ਉਹ ਇਮਾਨਦਾਰ ਧੋਖੇਬਾਜ਼ਾਂ ਦੀ ਤਲਾਸ਼ ਕਰ ਰਹੇ ਹਨ। ਉਹ ਮੇਰੇ ਵਰਗੇ ਲੋਕਾਂ ਨੂੰ ਲੈ ਜਾਂਦੇ ਹਨ। ਮੈਂ ਕੋਈ ਧੋਖੇਬਾਜ਼ ਨਹੀਂ ਸਗੋਂ ਇਜ਼ਰਾਈਲ ਦਾ ਆਗਿਆਕਾਰ ਨਾਗਰਿਕ ਹਾਂ। ਉਹ ਉਨ੍ਹਾਂ ਨੂੰ ਚੋਰੀ ਕਰਨਾ ਸਿਖਾਉਂਦੇ ਹਨ, ਕਈ ਵਾਰ ਕਤਲ ਕਰਨਾ ਵੀ। ਇਹ ਸਭ ਕੁਝ ਆਮ ਲੋਕ ਨਹੀਂ ਕਰਦੇ, ਸਿਰਫ ਅਪਰਾਧੀ ਕਰਦੇ ਹਨ।

### ਹਮਾਸ ਕੀ ਹੈ?

ਹਮਾਸ ਫਲਸਤੀਨੀ ਕੱਟੜਪੰਥੀ ਇਸਲਾਮਿਕ ਜਥੇਬੰਦੀਆਂ ਵਿੱਚ ਸਭ ਤੋਂ ਵੱਡੀ ਖਾੜਕੂ ਜਥੇਬੰਦੀ ਹੈ।ਇਸ ਦਾ ਨਾਮ 'ਇਸਲਾਮਿਕ ਰਜ਼ਿਸਟੈਂਟ ਮੂਵਮੈਂਟ' ਦਾ ਸੰਖੇਪ ਹੈ, ਜੋ 1987 ਇਜ਼ਰਾਈਲ ਵੱਲੋਂ ਵੈਸਟ ਬੈਂਕ ਤੇ ਗਾਜ਼ਾ ਪੱਟੀ ਉਪਰ ਕਬਜ਼ੇ ਤੋਂ ਬਾਅਦ ਸ਼ੁਰੂ ਹੋਇਆ ਸੀ।ਸ਼ੁਰੂਆਤ ਵਿੱਚ ਹਮਾਸ ਦੇ ਦੋ ਮੁੱਖ ਮਕਸਦ ਸੀ - ਪਹਿਲਾ ਇਜ਼ਰਾਈਲ ਦੇ ਖ਼ਿਲਾਫ਼ ਇਸ ਦੇ ਮਿਲਟਰੀ ਵਿੰਗ- ਅਜ਼ਦੀਨ ਅਲ ਕਾਸਮ ਨਾਲ ਹਥਿਆਰਬੰਦ ਲੜਾਈ ਅਤੇ ਦੂਜਾ ਸਮਾਜਿਕ ਭਲਾਈ ਦੇ ਕੰਮ।ਪਰ 2005 ਤੋਂ ਬਾਅਦ ਇਹ ਫਲਸਤੀਨ ਦੇ ਰਾਜਨੀਤਿਕ ਮਾਮਲਿਆਂ ਵਿੱਚ ਵੀ ਸਰਗਰਮ ਹੋਇਆ ਹੈ। ਇਹ ਅਰਬ ਸੰਸਾਰ ਦਾ ਪਹਿਲਾ ਇਸਲਾਮਿਕ ਗਰੁੱਪ ਹੈ, ਜਿਸ ਨੇ ਬੈਲੇਟ ਬਾਕਸ ਰਾਹੀਂ ਚੋਣਾਂ ਜਿੱਤੀਆਂ।ਇਜ਼ਰਾਈਲ, ਅਮਰੀਕਾ, ਯੂਰਪੀਅਨ ਯੂਨੀਅਨ, ਯੂਕੇ ਅਤੇ ਹੋਰ ਕਈ ਦੇਸ਼ਾਂ ਵੱਲੋਂ ਹਮਾਸ ਨੂੰ ਇੱਕ ''ਅੱਤਵਾਦੀ ਗਰੁੱਪ'' ਕਰਾਰ ਦਿੱਤਾ ਗਿਆ ਹੈ।

### ਅੱਗੇ ਕੀ ਹੋ ਸਕਦਾ ਹੈ?

ਹਮਾਸ ਦੇ ਕੱਟੜਵਾਦੀ ਕਮਾਂਡਰ ਮੁਹੰਮਦ ਦੇਈਫ ਨੇ ਫਲਸਤੀਨੀਆਂ ਅਤੇ ਹੋਰ ਅਰਬਾਂ ਨੂੰ "(ਇਜ਼ਰਾਈਲੀ) ਕਬਜ਼ੇ ਨੂੰ ਖ਼ਤਮ ਕਰਨ" ਲਈ ਖਾੜਕੂਆਂ ਦੀ ਕਾਰਵਾਈ ਵਿੱਚ ਸ਼ਾਮਲ ਹੋਣ ਲਈ ਸੱਦਾ ਦੇ ਰਹੇ ਹਨ।ਹੁਣ ਇੱਕ ਵੱਡਾ ਸਵਾਲ ਇਹ ਹੈ ਕਿ ਕੀ ਕਬਜ਼ੇ ਵਾਲੇ ਪੱਛਮੀ ਕੰਢੇ ਅਤੇ ਪੂਰਬੀ ਯੇਰੂਸ਼ਲਮ ਜਾਂ ਇਸ ਖੇਤਰ ਵਿੱਚ ਕਿਤੇ ਵੀ ਰਹਿਣ ਵਾਲੇ ਫਿਲਸਤੀਨੀ ਉਸ ਦੇ ਸੱਦੇ ਨੂੰ ਸੁਣਨਗੇ,ਇਜ਼ਰਾਈਲ ਬਿਨਾਂ ਸ਼ੱਕ ਇੱਕ ਯੁੱਧ ਦੀ ਸੰਭਾਵਨਾ ਨੂੰ ਦੇਖਦਾ ਹੈ ਜੋ ਕਈ ਮੋਰਚਿਆਂ 'ਤੇ ਖੁੱਲ੍ਹ ਸਕਦਾ ਹੈ।ਇੱਕ ਸਭ ਤੋਂ ਮਾੜੀ ਸਥਿਤੀ ਇਹ ਹੈ ਕਿ ਇਹ ਸ਼ਕਤੀਸ਼ਾਲੀ ਲੇਬਨਾਨੀ ਕੱਟੜਵਾਦੀ ਸਮੂਹ, ਹਿਜ਼ਬੁੱਲਾ ਨੂੰ ਆਪਣੇ ਵੱਲ ਖਿੱਚ ਸਕਦਾ ਹੈ। ਹਿਜ਼ਬੁੱਲਾ ਨੇ ਉੱਤਰੀ ਇਜ਼ਰਾਈਲ 'ਤੇ ਕਈ ਮਿਜ਼ਾਈਲਾਂ ਅਤੇ ਗੋਲੇ ਦਾਗ਼ੇ, ਜਿਸ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ।ਇਜ਼ਰਾਈਲੀ ਫੌਜ ਨੇ ਵੱਡੀ ਗਿਣਤੀ 'ਚ ਫੌਜਾਂ ਨੂੰ ਤੈਨਾਤ ਕਰਨ ਦਾ ਹੁਕਮ ਦਿੱਤਾ ਹੈ। ਇਸ ਦੇ ਨਾਲ ਹੀ ਗਾਜ਼ਾ 'ਤੇ ਉਸ ਦੇ ਤੀਬਰ ਹਵਾਈ ਹਮਲਿਆਂ ਤੋਂ ਇਹ ਸੰਕੇਤ ਮਿਲ ਰਿਹਾ ਹੈ ਕਿ ਉਹ ਉੱਥੇ ਜ਼ਮੀਨੀ ਕਾਰਵਾਈ ਦੀ ਯੋਜਨਾ ਬਣਾ ਰਿਹਾ ਹੈ।

### ਹੁਣ ਤੱਕ ਦਾ ਅਹਿਮ ਘਟਨਾਕ੍ਰਮ

ਫਲਸਤੀਨੀ ਇਸਲਾਮੀ ਕੱਟੜਪੰਥੀ ਸਮੂਹ ਹਮਾਸ ਨੇ ਗਾਜ਼ਾ ਪੱਟੀ ਤੋਂ ਇਜ਼ਰਾਈਲ 'ਤੇ ਅਚਾਨਕ ਹਮਲਾ ਬੋਲ ਦਿੱਤਾ।ਇਸ ਦੌਰਾਨ ਦਰਜਨਾਂ ਹਥਿਆਰਬੰਦ ਲੜਾਕੇ ਦੱਖਣੀ ਇਜ਼ਰਾਈਲ ਵਿੱਚ ਦਾਖਲ ਹੋਏ ਤੇ ਇਜ਼ਰਾਈਲ 'ਤੇ ਹਜ਼ਾਰਾਂ ਰਾਕੇਟ ਦਾਗੇ ਗਏ।ਇਜ਼ਰਾਈਲ ਨੇ ਵੀ ਜਵਾਬੀ ਕਾਰਵਾਈ ਸ਼ੁਰੂ ਕਰ ਦਿੱਤੀ ਅਤੇ ਲੋਕਾਂ ਨੂੰ ਸੁਰੱਖਿਅਤ ਰਹਿਣ ਦੀ ਹਿਦਾਇਤ ਜਾਰੀ ਕੀਤੀ।ਹੁਣ ਤੱਕ ਇਸ ਹਿੰਸਾ 'ਚ 700 ਤੋਂ ਵੱਧ ਇਜ਼ਰਾਇਲੀ ਨਾਗਰਿਕਾਂ ਅਤੇ ਗਾਜ਼ਾ ਵਿੱਚ ਵੀ 400 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ।ਸੁਰੱਖਿਆ ਕਰਮਚਾਰੀਆਂ ਮੁਤਾਬਕ, ਉਨ੍ਹਾਂ ਨੂੰ ਸੁਪਰਨੋਵਾ ਮਿਊਜ਼ਿਕ ਫੈਸਟੀਵਲ ਦੀ ਥਾਂ ਤੋਂ 250 ਤੋਂ ਵੱਧ ਲਾਸ਼ਾਂ ਮਿਲੀਆਂ ਹਨ।ਰਿਪੋਰਟਾਂ ਮੁਤਾਬਕ, ਮਰਨ ਵਾਲਿਆਂ ਵਿੱਚ ਕੁਝ ਅਮਰੀਕੀ ਅਤੇ ਨੇਪਾਲੀ ਨਾਗਰਿਕ ਵੀ ਸ਼ਾਮਲ ਹਨ।ਹਮਾਸ ਦੇ ਆਗੂ ਮੁਹੰਮਦ ਜ਼ੈਫ ਨੇ ਕਿਹਾ, "ਅਸੀਂ ਇਹ ਐਲਾਨ ਕਰਨ ਦਾ ਫੈਸਲਾ ਕੀਤਾ ਹੈ ਕਿ ਹੁਣ ਬਹੁਤ ਹੋ ਗਿਆ ਹੈ।"ਇਜ਼ਰਾਇਲੀ ਪੀਐਮ ਨੇਤਨਯਾਹੂ ਨੇ ਕਿਹਾ, "ਇਹ ਸਿਰਫ਼ ਭੜਕਾਉਣ ਵਾਲੀ ਗੱਲ ਨਹੀਂ ਬਲਕਿ ਇੱਕ ਜੰਗ ਹੈ ਤੇ ਦੁਸ਼ਮਣ ਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਪਵੇਗੀ।"ਕਈ ਇਜ਼ਰਾਈਲੀਆਂ ਨੂੰ ਬੰਧਕ ਬਣਾ ਕੇ ਗਾਜ਼ਾ ਪੱਟੀ ਲੈ ਕੇ ਜਾਇਆ ਗਿਆ ਹੈ।ਇਜ਼ਰਾਈਲ ਦੇ ਸੁਰੱਖਿਆ ਮੁਖੀਆਂ ਦੀ ਬੈਠਕ 'ਚ ਪੀਐੱਮ ਨੇਤਨਯਾਹੂ ਨੇ ਘੁਸਪੈਠੀਆਂ ਨੂੰ ਖਤਮ ਕਰਨ ਦੇ ਨਿਰਦੇਸ਼ ਦਿੱਤੇ ਹਨ।ਉਨ੍ਹਾਂ ਕਿਹਾ ਹੈ ਕਿ "ਇਹ ਇੱਕ ਜੰਗ ਹੈ ਅਤੇ ਅਸੀਂ ਇਸ ਜੰਗ ਨੂੰ ਜਿੱਤਾਂਗੇ।"ਇਜ਼ਰਾਈਲ ਦੇ ਰੱਖਿਆ ਮੰਤਰੀ ਯੋਆਵ ਗੈਲੈਂਟ ਨੇ ਕਿਹਾ ਕਿ ਹਮਾਸ ਨੇ "ਵੱਡੀ ਗਲਤੀ" ਕਰ ਦਿੱਤੀ ਹੈ।ਇਜ਼ਰਾਇਲੀ ਹਸਪਤਾਲਾਂ ਨੇ ਕਿਹਾ ਹੈ ਕਿ ਦਰਜਨਾਂ ਜ਼ਖਮੀਆਂ ਦਾ ਇਲਾਜ ਕੀਤਾ ਜਾ ਰਿਹਾ ਹੈ, ਜਿਨ੍ਹਾਂ 'ਚੋਂ ਕਈਆਂ ਦੀ ਹਾਲਤ ਗੰਭੀਰ ਹੈ।ਅਮਰੀਕਾ ਨੇ ਕਿਹਾ ਕਿ ਉਹ ਇਜ਼ਰਾਈਲ ਦੀ ਮਦਦ ਲਈ ਪੂਰਵੀ ਭੂਮੱਧ ਸਾਗਰ 'ਚ ਇੱਕ ਬੇੜਾ, ਮਿਜ਼ਾਈਲ ਕਰੂਜ਼ਰ, ਜਹਾਜ਼ ਤੇ ਜੈੱਟ ਭੇਜ ਰਿਹਾ ਹੈ।

# ਖ਼ਾਲਸਾ ਏਡ ਦੇ ਕੌਮੀ ਸੇਵਕ ਅਮਰਪ੍ਰੀਤ ਸਿੰਘ ਨੇ ਅਚਾਨਕ ਦਿੱਤਾ ਅਸਤੀਫ਼ਾ



ਦਿੱਲੀ:- ਵਿਸ਼ਵ ਅਤੇ ਭਾਰਤ ਵਿੱਚ ਆਫ਼ਤ ਦੇ ਸਮੇਂ ਸਭ ਤੋਂ ਪਹਿਲਾਂ ਅੱਗੇ ਆਉਣ ਵਾਲੀ ਸਮਾਜ ਸੇਵੀ ਸੰਸਥਾ ਖ਼ਾਲਸਾ ਏਡ ਦੇ ਕੌਮੀ ਸੇਵਕ ਅਮਰਪ੍ਰੀਤ ਸਿੰਘ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਖਾਲਸਾ ਏਡ ਨੇ ਪ੍ਰੈੱਸ ਨੋਟ ਜਾਰੀ ਕਰਕੇ ਇਸ ਦੀ ਜਾਣਕਾਰੀ ਦਿੱਤੀ ਹੈ। ਇੰਨਾ ਹੀ ਨਹੀਂ ਅਮਰਪ੍ਰੀਤ ਸਿੰਘ ਦੇ ਨਾਲ ਪੰਜਾਬ ਟੀਮ ਵੱਲੋਂ ਵੀ ਆਪਣੇ-ਆਪਣੇ ਅਹੁਦਿਆਂ ਤੋਂ ਅਸਤੀਫਾ ਦਿੱਤੇ ਜਾਣ ਦੀ ਖਬਰ ਹੈ, ਹਾਲਾਂਕਿ ਖਾਲਸਾ ਏਡ ਨੇ ਅਜੇ ਤੱਕ ਇਸ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਹੈ।ਅਮਰਪ੍ਰੀਤ ਸਿੰਘ ਨੇ 10 ਸਾਲਾਂ ਤੱਕ ਭਾਰਤ ਵਿੱਚ ਖਾਲਸਾ ਏਡ ਦੇ ਮੈਨੇਜਿੰਗ ਡਾਇਰੈਕਟਰ ਵਜੋਂ ਸੇਵਾ ਨਿਭਾਈ ਅਤੇ ਇਸ ਸਾਲ ਪੰਜਾਬ ਅਤੇ ਹੋਰ ਰਾਜਾਂ ਵਿੱਚ ਆਏ ਹੜ੍ਹਾਂ ਦੌਰਾਨ ਰਾਹਤ ਸਮੱਗਰੀ ਪ੍ਰਦਾਨ ਕਰਨ ਵਿੱਚ ਸਭ ਤੋਂ ਅੱਗੇ ਰਹੇ। ਪਿਛਲੇ 10 ਸਾਲਾਂ ਵਿੱਚ ਖਾਲਸਾ ਏਡ ਵੱਲੋਂ ਭਾਰਤ ਅਤੇ ਪੰਜਾਬ ਵਿੱਚ ਕੀਤੇ ਗਏ ਸਾਰੇ ਰਾਹਤ ਅਤੇ ਬਚਾਅ ਕਾਰਜ ਅਮਰਪ੍ਰੀਤ ਸਿੰਘ ਦੀ ਨਿਗਰਾਨੀ ਹੇਠ ਕੀਤੇ ਗਏ ਸਨ।ਪਰ ਅਚਾਨਕ ਅਮਰਪ੍ਰੀਤ ਸਿੰਘ ਅਤੇ ਪੰਜਾਬ ਟੀਮ ਦੇ ਅਸਤੀਫੇ ਤੋਂ ਬਾਅਦ ਹਲਚਲ ਮਚ ਗਈ ਹੈ। ਖਾਲਸਾ ਏਡ ਜਲਦੀ ਹੀ ਆਪਣੇ ਨਵੇਂ ਨੈਸ਼ਨਲ ਐਮਡੀ ਅਹੁਦੇ ਦੇ ਨਾਮ ਦਾ ਐਲਾਨ ਕਰ ਸਕਦੀ ਹੈ।ਇਸ ਤੋਂ ਪਹਿਲਾਂ ਭਾਰਤ ਦੀ ਸਰਕਾਰੀ ਏਜੰਸੀ ਐਨ ਆਈ ਏ 2 ਅਗਸਤ ਨੂੰ ਸਵੇਰੇ 5 ਵਜੇ ਖਾਲਸਾ ਏਡ ਦੇ ਦਫਤਰ ਅਤੇ ਅਮਰਪ੍ਰੀਤ ਸਿੰਘ ਦੇ ਘਰ ਛਾਪਾ ਮਾਰ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਉਸ ਸਮੇਂ ਖਾਲਸਾ ਏਡ ਦੇ ਅਹਿਮ ਦਸਤਾਵੇਜ਼ ਐਨਆਈਏ ਨੇ ਆਪਣੇ ਕਬਜ਼ੇ ਵਿੱਚ ਲੈ ਲਏ ਸਨ।ਐਨ ਆਈ ਏ ਦਾ ਉਦੇਸ਼ ਖਾਲਸਾ ਏਡ ਨੂੰ ਫੰਡ ਮੁਹੱਈਆ ਕਰਵਾਉਣ ਵਾਲੇ ਲੋਕਾਂ ਅਤੇ ਫੰਡ ਮੁਹੱਈਆ ਕਰਵਾਉਣ ਦੇ ਤਰੀਕਿਆਂ ਦੀ ਜਾਂਚ ਕਰਨਾ ਸੀ।ਇਸ ਦੌਰਾਨ ਅਮਰਪ੍ਰੀਤ ਸਿੰਘ ਨੇ ਆਪਣਾ ਪੱਖ ਪੇਸ਼ ਕਰਦਿਆਂ ਸਪੱਸ਼ਟ ਕੀਤਾ ਸੀ ਕਿ ਖਾਲਸਾ ਏਡ ਉਹ ਜਾਣਕਾਰੀ ਦਿੰਦੀ ਰਹੇਗੀ, ਜਿਸ ਦੀ ਐਨ ਆਈ ਏ ਨੂੰ ਲੋੜ ਹੋਵੇਗੀ। ਇਸ ਛਾਪੇਮਾਰੀ ਦਾ ਪੰਜਾਬ ਵਿਚ ਭਾਰੀ ਵਿਰੋਧ ਹੋਇਆ, ਕਿਉਂਕਿ ਇਹ ਛਾਪੇਮਾਰੀ ਅਜਿਹੇ ਸਮੇਂ ਹੋਈ ਜਦੋਂ ਪੂਰਾ ਪੰਜਾਬ ਹੜ੍ਹਾਂ ਦੀ ਲਪੇਟ ਵਿਚ ਸੀ ਅਤੇ ਖਾਲਸਾ ਏਡ ਵਲੋਂ ਵੱਡੇ ਪੱਧਰ ਤੇ ਬਚਾਅ ਮੁਹਿੰਮ ਚਲਾਈ ਜਾ ਰਹੀ ਸੀ।

# ਹੌਲੀ ਹੌਲੀ ਸਮੁੰਦਰ 'ਚ ਧੱਸਦਾ ਜਾ ਰਿਹਾ ਅਮਰੀਕਾ ਦਾ ਸ਼ਾਨਦਾਰ ਸ਼ਹਿਰ ਨਿਊਯਾਰਕ

ਨਿਊਯਾਰਕ: ਦੁਨੀਆ ਦੇ ਸਾਰੇ ਦੇਸ਼ ਹਰ ਪੱਖੋਂ ਦੂਜਿਆਂ ਤੋਂ ਅੱਗੇ ਹੋਣਾ ਚਾਹੁੰਦੇ ਹਨ।ਉਹ ਆਪਣੇ ਦੇਸ਼ ਦਾ ਇੰਨਾ ਵਿਕਾਸ ਕਰਨਾ ਚਾਹੁੰਦਾ ਹੈ ਕਿ ਇਹ ਦੁਨੀਆ ਭਰ ਵਿੱਚ ਮਸ਼ਹੂਰ ਹੋ ਜਾਵੇ।ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੱਜ ਦੇ ਯੁੱਗ ਵਿੱਚ ਕਈ ਦੇਸ਼ਾਂ ਨੇ ਬੇਮਿਸਾਲ ਵਿਕਾਸ ਕੀਤਾ ਹੈ। ਪਰ ਜਿਸ ਤੇਜ਼ੀ ਨਾਲ ਦੁਨੀਆ ਦਾ ਵਿਕਾਸ ਹੋ ਰਿਹਾ ਹੈ, ਉਸ ਨਾਲ ਕਈ ਤਰ੍ਹਾਂ ਦੀਆਂ ਚਿੰਤਾਵਾਂ ਅਤੇ ਮੁਸ਼ਕਿਲਾਂ ਵਧਣ ਲੱਗੀਆਂ ਹਨ। ਨਾਸਾ ਦੇ ਵਿਗਿਆਨੀਆਂ ਨੇ ਹਾਲ ਹੀ 'ਚ ਇਕ ਅਧਿਐਨ 'ਚ ਹੈਰਾਨ ਕਰਨ ਵਾਲਾ ਖੁਲਾਸਾ ਕੀਤਾ ਹੈ।ਵਿਗਿਆਨੀਆਂ ਨੇ ਕਿਹਾ ਹੈ ਕਿ ਦੁਨੀਆ ਦੇ ਸਭ ਤੋਂ ਖ਼ੂਬਸੂਰਤ ਸ਼ਹਿਰਾਂ 'ਚੋਂ ਇਕ ਨਿਊਯਾਰਕ ਹੌਲੀ-ਹੌਲੀ ਜ਼ਮੀਨ 'ਚ ਧਸ ਰਿਹਾ ਹੈ ਅਤੇ ਨਾ ਸਿਰਫ ਡੁੱਬ ਰਿਹਾ ਹੈ, ਸਗੋਂ ਇਹ ਸਮੁੰਦਰ 'ਚ ਵੀ ਡਿੱਗਣ ਦੀ ਕਗਾਰ 'ਤੇ ਹੈ। ਵਿਗਿਆਨੀਆਂ ਨੇ ਅਧਿਐਨ 'ਚ ਦੱਸਿਆ ਕਿ ਨਿਊਯਾਰਕ ਇੰਚ ਇੰਚ ਸਮੁੰਦਰ 'ਚ ਡੁੱਬ ਰਿਹਾ ਹੈ ਅਤੇ ਹਰ ਸਾਲ ਇਹ ਪ੍ਰਕਿਰਿਅ 1.6 ਮਿਲੀਮੀਟਰ ਦੀ ਦਰ ਨਾਲ ਹੁੰਦੀ ਦਿਖਾਈ ਦੇ ਰਹੀ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਅਜਿਹਾ ਕਿਉਂ ਹੋ ਰਿਹਾ ਹੈ? ਨਿਊਯਾਰਕ ਇਸ ਗੰਭੀਰ ਸੰਕਟ ਵਿੱਚ ਕਿਵੇਂ ਡਿੱਗ ਰਿਹਾ ਹੈ? ਨਾਸਾ ਨੇ ਦੱਸਿਆ ਕਾਰਨ:ਨਾਸਾ ਨੇ ਉਸ ਕਾਰਨ ਦਾ ਵੀ ਖੁਲਾਸਾ ਕੀਤਾ ਹੈ, ਜਿਸ ਕਾਰਨ ਨਿਊਯਾਰਕ ਸ਼ਹਿਰ ਹੌਲੀ-ਹੌਲੀ ਜ਼ਮੀਨ 'ਚ ਧੱਸਦਾ ਜਾ ਰਿਹਾ ਹੈ ਅਤੇ ਸਮੁੰਦਰ 'ਚ ਡੁੱਬ ਰਿਹਾ ਹੈ। ਵਿਗਿਆਨੀਆਂ ਨੇ ਕਿਹਾ ਕਿ ਨਿਊਯਾਰਕ ਦਾ ਤੇਜ਼ੀ ਨਾਲ ਵਿਕਾਸ ਹੋਇਆ ਹੈ। ਇੱਥੇ ਬਹੁਤ ਸਾਰੀਆਂ ਗਗਨਚੁੰਬੀ ਇਮਾਰਤਾਂ ਹਨ ਅਤੇ ਵੱਡੀ ਮਾਤਰਾ ਵਿੱਚ ਕੰਕਰੀਟ ਬੁਨਿਆਦੀ ਢਾਂਚਾ ਹੈ। ਇਹੀ ਕਾਰਨ ਹੈ ਕਿ ਇਹ ਸ਼ਹਿਰ ਡੁੱਬਦਾ ਜਾ ਰਿਹਾ ਹੈ। ਇਹ ਅਧਿਐਨ ਦੱਖਣੀ ਕੈਲੀਫੋਰਨੀਆ ਵਿੱਚ ਨਾਸਾ ਦੀ ਜੈਟ ਪ੍ਰੋਪਲਸ਼ਨ ਲੈਬਾਰਟਰੀ ਅਤੇ ਨਿਊ ਜਰਸੀ ਵਿੱਚ ਰਟਜਰਜ਼ ਯੂਨੀਵਰਸਿਟੀ ਦੇ ਖੋਜਕਾਰਾਂ ਦੇ ਇੱਕ ਸਮੂਹ ਦੁਆਰਾ ਸਾਇੰਸ ਐਡਵਾਂਸ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ।







# ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕੈਨੇਡਾ ਵਲੋਂ ਸਤਵਾਂ ਛਿਮਾਹੀ ਸਾਹਿਤਕ ਸੰਮੇਲਨ






ਸਰੀ:-ਕਵਿਤਾ ਵਿੱਚ ਆਮ ਲੋਕਾਂ ਦੀ ਗੱਲ ਕਰਨ ਵਾਲਾ ਲੋਕ ਕਵੀ ਗੁਰਦਾਸ ਰਾਮ ਆਲਮ ਦੀ ਨਿੱਘੀ ਯਾਦ ਵਿੱਚ 7ਵਾਂ ਛਿਮਾਹੀ ਸਾਹਿਤਕ ਸੰਮੇਲਨ 8 ਅਕਤੂਬਰ 2023 ਦਿਨ ਐਤਵਾਰ ਨੂੰ ਮੁਬਾਰਕ ਦਿਹਾੜੇ ਤੇ ਸੀਨੀਅਰ ਸੈਂਟਰ, ਸਰੀ-ਡੈਲਟਾ ਵਿਖੇ ਵੜੀ ਸ਼ਰਧਾ ਨਾਲ ਕਰਾਇਆ ਗਿਆ। ਸਾਹਿਤਕ ਸੰਮੇਲਨ ਦੇ ਪਹਿਲੇ ਭਾਗ ਵਿੱਚ ਆਲਮ ਦੀ ਕਵਿਤਾ ਦੀ ਵਿਚਾਰਧਾਰਾ ਉਪਰ ਪ੍ਰਿੰ: ਕਸ਼ਮੀਰਾ ਸਿੰਘ, ਭੁਪਿੰਦਰ ਸਿੰਘ ਮੱਲੀ ਮਿੱਟੀ ਨੂੰ ਫਰੋਲ ਜੋਗੀਆ ਪੁਸਤਕ ਦਾ ਲੇਖਕ ਅਸ਼ੋਕ ਬਾਂਸਲ ਮਾਨਸਾ ਆਦਿ ਬੁਲਾਰਿਆਂ ਨੇ ਆਪੋ ਆਪਣੇ ਵਿਚਾਰ ਸਾਂਝੇ ਕੀਤੇ। ਮੁੱਖ ਬੁਲਾਰਾ ਡਾ: ਗੁਰਵਿੰਦਰ ਸਿੰਘ ਧਾਲੀਵਾਲ ਨੇ ਗੁਰਦਾਸ ਰਾਮ ਆਲਮ ਅਤੇ ਆਪਣੇ ਅਧਿਆਪਕ ਉਸਤਾਦ ਗਜ਼ਲਗੋ ਉਲਫਤ ਬਾਜਵਾ ਦੀਆਂ ਕਵਿਤਾਵਾਂ/ਗਜ਼ਲਾਂ ਦਾ ਬਹੁਤ ਹੀ ਖ਼ੂਬਸੂਰਤੀ ਨਾਲ ਵਿਸ਼ਲੇਸ਼ਣ ਕੀਤਾ। ਦੂਸਰੇ ਦੋਰ ਵਿੱਚ ਉੱਘੇ ਕਵੀ ਹਰਚੰਦ ਸਿੰਘ ਗਿੱਲ, ਕੈਪਟਨ ਜੀਤ ਮੈਹਰਾ, ਮਾਸਟਰ ਅਮਰੀਕ ਲੇਹਲ, ਕਵੀ ਦਰਸ਼ਨ ਸਿੰਘ ਅਟਵਾਲ ਅਤੇ ਗੁਰਮੀਤ ਸਿੰਘ ਸੇਖੋਂ ਨੇ ਆਲਮ ਦੀਆਂ ਕਵਿਤਾਵਾਂ ਨਾਲ ਖ਼ੂਬ ਰੰਗ ਬੰਨ੍ਹਿਆ। ਇਸ ਸਾਹਿਤਕ ਸੰਮੇਲਨ ਵਿੱਚ ਅਵਤਾਰ ਸਿੰਘ ਢਿੱਲੋਂ, ਸਰਬਜੀਤ ਸਿੰਘ ਬਾਸੀ ਤੇ ਦਿਲਬਾਗ ਸਿੰਘ ਬਾਸੀ ਪਿੰਡ ਬੰਡਾਲਾ ਮੰਜ਼ਕੀ, ਪ੍ਰੋ: ਨਿਰਮਲ ਗਿੱਲ, ਸ਼ਿੰਗਾਰਾ ਸਿੰਘ ਸੰਧੂ, ਜੋਗਿੰਦਰ ਕੋਰ, ਮਾਸਟਰ ਅਮਰੀਕ ਸਿੰਘ ਮਾਨ, ਹਰਬੰਸ ਕੋਰ ਮਾਨ, ਗੁਜ਼ਲਗੋ ਗੁਰਮੀਤ ਸਿੰਘ ਕਾਲਕਟ, ਸੁਰਜੀਤ ਇੱਬਣ, ਮੇਘਨਾਥ ਸ਼ਰਮਾ, ਨਛੱਤਰ ਸਿੰਘ ਦੰਦੀਵਾਲ, ਬਲਬੀਰ ਸਿੰਘ, ਸਰਵਣ ਸਿੰਘ, ਅਵਤਾਰ ਸਿੰਘ ਜਸਵਾਲ, ਜਗਜੀਤ ਸਿੰਘ ਸੇਖੋਂ, ਸੋਂਧੀ ਸਾਹਿਬ, ਰਾਜ ਪੰਧੇਰ, ਗਜਿੰਦਰ ਸਿੰਘ ਪੰਧੇਰ ਅਤੇ ਡਾ: ਕੁਲਵਿੰਦਰ ਸਿੰਘ ਬਾਠ, ਸੁਰਜੀਤ ਸਿੰਘ ਬਾਠ ਉਚੇਚੇ ਤੋਰ ਤੇ ਅਮਰੀਕਾ ਤੋ ਸ਼ਾਮਿਲ ਹੋਏ। ਅੰਤ ਵਿੱਚ ਹਰਪਾਲ ਸਿੰਘ ਬਰਾੜ ਪ੍ਰਧਾਨ ਸੀਨੀਅਰ ਸੈਂਟਰ ਨੇ ਸਾਰੇ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ। ਜਸਵਿੰਦਰ ਸਿੰਘ ਜੰਡੂ ਅਤੇ ਸੀਤਾ ਰਾਮ ਅਹੀਰ ਨੇ ਸਾਰੇ ਸਮਾਗਮ ਦੀ ਫੋਟੋ ਅਤੇ ਵੀਡੀਓਗ੍ਰਾਫੀ ਬਹੁਤ ਹੀ ਖ਼ੂਬਸੂਰਤੀ ਨਾਲ ਕੀਤੀ। ਪ੍ਰਿੰਸੀਪਲ ਮਲੂਕ ਚੰਦ ਕਲੇਰ (ਸੰਸਥਾਪਕ) ਨੇ ਸਾਰੇ ਸਮਾਗਮ ਦੀ ਕਾਰਵਾਈ ਬਾਖ਼ੂਬੀ ਨਿਭਾਈ। ਅੰਤ ਵਿੱਚ ਸਾਰੇ ਪ੍ਰੇਮੀਆਂ ਦੀ ਪ੍ਰਾਹੁਣਾਚਾਰੀ: ਚਾਹ, ਪਕੋਣੇ ਅਤੇ ਬੇਸਣ ਨਾਲ ਕੀਤੀ ਗਈ। ਸਾਹਿਤਕ ਸੰਮੇਲਨ ਬਹੁਤ ਹੀ ਸਾਦਾ ਪਰ ਪ੍ਰਭਾਵਸ਼ਾਲੀ ਹੋ ਨਿਬੜਿਆ।

ਕੀ ਤੁਹਾਨੂੰ ਆਪਣੇ ਡਾਕਟਰ ਨਾਲ ਅੰਗਰੇਜ਼ੀ ਵਿੱਚ ਗੱਲ ਬਾਤ ਕਰਨ ਵਿੱਚ ਮੁਸ਼ਕਲ ਆਉਂਦੀ ਹੈ?

ਤੁਹਾਡੇ ਲਈ ਮੁਫ਼ਤ ਮੈਡੀਕਲ ਅਨੁਵਾਦਕ ਉਪਲਬਧ ਹਨ!

ਅਸੀਂ ਕੌਣ ਹਾਂ?

ਵੋਲੈਂਟੀਆ ਹੈਲਥਕੇਅਰ ਟ੍ਰਾਂਸਲੇਸ਼ਨ ਯੂ.ਬੀ.ਸੀ. ਦੀ ਇੱਕ ਸੰਸਥਾ ਹੈ ਜੋ **ਅੰਗਰੇਜ਼ੀ ਦੀ ਘੱਟ ਸਮਝ ਵਾਲੇ ਮਰੀਜ਼ਾਂ ਲਈ ਮੁਫ਼ਤ ਸਿਹਤ ਸੰਭਾਲ ਅਨੁਵਾਦ ਸੇਵਾਵਾਂ** ਪ੍ਰਦਾਨ ਕਰਦੀ ਹੈ।

**ਕਿਸੇ ਵੀ ਸਵਾਲ ਲਈ ਈਮੇਲ ਰਾਹੀਂ ਸੰਪਰਕ ਕਰੋ**

**ubcvolentia@gmail.com**

THE UNIVERSITY OF BRITISH COLUMBIA

**ਮੁਫ਼ਤ ਅਨੁਵਾਦਕ ਨੂੰ ਬੁੱਕ ਕਰਨ ਲਈ ਹੇਠਾਂ ਦਿੱਤੇ ਕੋਡ ਨੂੰ ਆਪਣੇ ਫੋਨ ਦੇ ਕੈਮਰੇ ਨਾਲ ਸਕੈਨ ਕਰੋ:**

linktr.ee/volentia

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

# ਨਿਊਜ਼ਕਲਿਕ' ਦੇ ਸੰਸਥਾਪਕ ਨੇ ਅਪਣੇ ਵਿਰੁੱਧ ਮਾਮਲੇ 'ਚ ਫ਼ਰਜ਼ੀ ਦੱਸਿਆ, ਕਿਹਾ ਕਿ ਚੀਨ ਤੋਂ ਇਕ ਪੈਸਾ ਨਹੀਂ ਆਇਆ

ਨਵੀਂ ਦਿੱਲੀ: ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ (ਯੂ.ਏ.ਪੀ.ਏ.) ਤਹਿਤ ਦਰਜ ਇਕ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਨਿਊਜ਼ ਪੋਰਟਲ 'ਨਿਊਜ਼ਕਲਿਕ' ਦੇ ਸੰਸਥਾਪਕ ਪ੍ਰਬੀਰ ਪੁਰਕਾਸਥ ਨੇ ਦਿੱਲੀ ਹਾਈ ਕੋਰਟ ਨੂੰ ਦਸਿਆ ਕਿ ਉਨ੍ਹਾਂ 'ਤੇ ਲੱਗੇ ਦੋਸ਼ਾਂ 'ਝੂਠੇ' ਅਤੇ 'ਫ਼ਰਜ਼ੀ' ਅਤੇ 'ਚੀਨ ਤੋਂ ਇਕ ਪੈਸਾ ਵੀ ਨਹੀਂ ਆਇਆ।' ਪੁਰਕਾਸਥ ਨੂੰ ਚੀਨ ਪੱਖੀ ਪ੍ਰਚਾਰ ਫੈਲਾਉਣ ਲਈ ਕਥਿਤ ਤੌਰ 'ਤੇ ਪੈਸੇ ਲੈਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਹੈ।ਜਸਟਿਸ ਤੁਸ਼ਾਰ ਰਾਓ ਗਡੇਲਾ ਨੇ ਪੁਰਕਾਸਥ ਅਤੇ ਨਿਊਜ਼ ਪੋਰਟਲ ਦੇ ਮਨੁੱਖੀ ਸਰੋਤ (ਐਚ.ਆਰ.) ਵਿਭਾਗ ਦੇ ਮੁਖੀ ਅਮਿਤ ਚੱਕਰਵਰਤੀ ਵਲੋਂ ਦਾਇਰ ਪਟੀਸ਼ਨਾਂ 'ਤੇ ਫੈਸਲਾ ਸੁਰੱਖਿਅਤ ਰੱਖ ਲਿਆ ਹੈ। ਪੁਰਕਾਸਥ ਅਤੇ ਚੱਕਰਵਰਤੀ ਨੇ ਇਨ੍ਹਾਂ ਪਟੀਸ਼ਨਾਂ 'ਚ ਅਪਣੀ ਗ੍ਰਿਫਤਾਰੀ ਅਤੇ ਸੱਤ ਦਿਨ ਦੇ ਪੁਲਸ ਰਿਮਾਂਡ ਨੂੰ ਚੁਨੌਤੀ ਦਿਤੀ ਹੈ। ਇਸ ਤੋਂ ਪਹਿਲਾਂ, ਜਾਂਚ ਏਜੰਸੀ ਨੇ ਇਹ ਦਾਅਵਾ ਕਰ ਕੇ ਅਪਣੀ ਕਾਰਵਾਈ ਦਾ ਬਚਾਅ ਕੀਤਾ ਸੀ ਕਿ 'ਨਿਊਜ਼ਕਲਿੱਕ' ਨੇ ਦੇਸ਼ ਦੀ ਸਥਿਰਤਾ ਅਤੇ ਅਖੰਡਤਾ ਲਈ ਸੰਕਟ ਦੀ ਸਥਿਤੀ ਪੈਦਾ ਕਰਨ ਦੇ ਉਦੇਸ਼ ਨਾਲ ਚੀਨ 'ਚ ਰਹਿਣ ਵਾਲੇ ਇਕ ਵਿਅਕਤੀ ਤੋਂ 75 ਕਰੋੜ ਰੁਪਏ ਪ੍ਰਾਪਤ ਕੀਤੇ ਸਨ।


MB BRAR & Co.
Accounting & Business Professionals
INCOME TAX ਇਨਕਮ ਟੈਕਸ
Nil Income Still Eligible For Refunds. E-file For Faster Refunds
ਸਾਨੂੰ ਵਧੀਆ ਅਤੇ ਭਰੋਸੇਯੋਗ ਸੇਵਾਵਾਂ ਲਈ ਮਿਲੋ:
For Prompt, Polite And Professional Services, Please See Us
- Personal Tax (T1) • ਪਰਸਨਲ ਟੈਕਸ
- Sole Proprietor • ਪ੍ਰੋਪਰਾਇਟਰ
- Corporate Tax (T2) • ਕੌਰਪੋਰੇਟ ਟੈਕਸ
- Partnerships • ਪਾਰਟਨਰਸ਼ਿਪ
- GST, PST & HST • ਜੀ.ਐਸ.ਟੀ., ਪੀ.ਐਸ.ਟੀ. ਅਤੇ ਐਚ.ਐਸ.ਟੀ.
- WCB • ਡਬਲਿਊ.ਸੀ.ਬੀ.
- CRA Reviews • ਸੀ.ਆਰ.ਏ. ਰਿਵੀਉਜ਼
- Business Planning • ਬਿਜਨਿਸ ਪਲੈਨਿੰਗ

All Revenue Canada applications and inquiries.
Mandeep Brar: 778-908-3317
mandeep@brarco.ca





Continental Immigration Solutions
"Helping Make Canada Home"
- Super Visa • ਸੁਪਰ ਵੀਜ਼ਾ
- Permanent Residence • ਪਰਮਾਨੈਂਟ ਰੇਜੀਡੈਂਸ
- Study Permit • ਸਟੱਡੀ ਪਰਮਿਟ
- Work Permit • ਵਰਕ ਪਰਮਿਟ
- Provincial Nominations • ਪ੍ਰੋਵਿੰਸ਼ੀਅਲ ਨੌਮੀਨੇਸ਼ਨਜ
- Spousal Sponsorship • ਪਤੀ/ਪਤਨੀ ਸਪੌਂਸਰਸ਼ਿਪ

Sukhvir Chand RCIC, BBA 778-549-6851
sukh@cisonline.ca
www.cisonline.ca
Commissioner of Oaths for British Columbia
Member of CAPIC
iccrc crcic



Unit 101 32883 South Fraser Way Abbotsford British Columbia V2S 2A6 | Tel: 604-852-3201 | Fax: 604-852-3284



LANGLEY BANQUET HALL





ਵਿਆਹ-ਸ਼ਾਦੀ, ਜਨਮ ਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ ਬੈਂਕੁਇਟ ਹਾਲ
ਬੁੱਕ ਕਰੋ।
• Wedding • Corporate Events
• Private Dinner • Bithday Parties
• Gurudwara and Live Catering
ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।
Call:Davinder Grewal
604-537-9759
info@langleybanquethall.com
3227 264 St UNIT #6, Aldergrove, BC V4W 2X3



ਇੰਡੋ-ਕੈਨੇਡਾ ਟਰੈਵਲ ਏਜੰਸੀ
INDO CANADA TRAVEL AGENCY





ਘੱਟ ਕਿਰਾਇਆ - ਸਹੀ ਸਲਾਹ
Best Airfares with Quality Assistance
ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੋ
+1 604 388 9696 , 604 503 8011
#217-8028-128St, Surrey, BC
(Little India Plaza) (Second Floor)

OZLA

# OZLA FURNITURE

## ALL KINDS OF DESIGNER, MODERN AND CUSTOM FURNITURE































*CUSTOM BEDROOM SUITES

*BOX BEDS *HEADBOARDS

*DRESSERS *CHESTS

*MIRROR *SIDE TABLES

**MADE IN CANADA**

ਅਸੀਂ ਆਪਣੀ ਫੈਕਟਰੀ ਵਿਚ ਆਪਣਾ ਸਾਰਾ ਸਮਾਨ ਵਧੀਆ ਕੁਆਲਿਟੀ ਦਾ ਬਣਾਉਂਦੇ ਹਾਂ।
ਅਸੀਂ ਆਪ ਮੈਨੂਫੈਕਚੁਅਰ ਹਾਂ।ਸਾਡੀ ਫਰਨੀਚਰ ਕੁਆਲਿਟੀ ਨੂੰ ਕੋਈ ਬੀਟ ਨਹੀਂ ਕਰ ਸਕਦਾ।

# 604-372-2122

Email:info@ozla.ca #109-18669 52 AVE SURREY, BC www.ozla.ca

ਦੇਗ ਤੇਗ ਫਤਿਹ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*14 ਅਕਤੂਬਰ ਦਿਨ ਸ਼ਨਿਚਰਵਾਰ ਦਲੇਰ ਸਿੰਘ ਗਿੱਲ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

*15 ਅਕਤੂਬਰ ਦਿਨ ਐਤਵਾਰ ਹਰੀ ਸਿੰਘ ਬਰਾੜ ਪਰਿਵਾਰ ਵੱਲੋਂ ਸਹਿਜਪਾਠ ਦੇ ਭੋਗ ਪਾਏ ਜਾਣਗੇ।

*15 ਅਕਤੂਬਰ ਦਿਨ ਐਤਵਾਰ ਸਵ. ਨਛੱਤਰ ਸਿੰਘ ਧਾਲੀਵਾਲ ਦੇ ਅੰਤਮ ਸਸਕਾਰ ਉਪਰੰਤ ਦੁਪਹਿਰ 12 ਵਜੇ ਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*15 ਅਕਤੂਬਰ ਦਿਨ ਐਤਵਾਰ ਭੁਪਿੰਦਰ ਸਿੰਘ ਫਰਮਾਹ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

*15 ਅਕਤੂਬਰ ਦਿਨ ਐਤਵਾਰ ਗੁਰਤੇਜ ਸਿੰਘ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

*15 ਅਕਤੂਬਰ ਦਿਨ ਐਤਵਾਰ ਰਮਨਦੀਪ ਸਿੰਘ ਗਫੜ ਪਰਿਵਾਰ ਵੱਲੋਂ ਗੁ. ਦੁੱਖ ਭੰਜਨ 264 ਸਟਰੀਟ ਵਿਖੇ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਸੁਰਿੰਦਰਪਾਲ ਸਿੰਘ ਜੀ ਹੁਸ਼ਿਆਰਪੁਰ ਵਾਲਿਆਂ ਦਾ ਜਥਾ,
ਭਾਈ ਭਗਤਜੀਤ ਸਿੰਘ ਜਲੰਧਰ ਵਾਲਿਆਂ ਦਾ ਜਥਾ
*ਕਥਾ ਵਾਚਕ-ਭਾਈ ਬਲਵੀਰ ਸਿੰਘ ਗਹੌਰ
*ਢਾਡੀ ਜਥਾ:ਬੀਬੀ ਬਲਵਿੰਦਰ ਕੌਰ ਖਹਿਰਾ



ਬੀਬੀ ਬਲਵਿੰਦਰ ਕੌਰ ਖਹਿਰਾ ਦਾ ਢਾਡੀ ਜਥਾ

### ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530,ਭਾਈ ਹਰੀ ਸਿੰਘ ਮਾਨ:639-423-0004

ਬਲਵੀਰ ਸਿੰਘ ਬਨਵੈਤ (ਪ੍ਰਧਾਨ) 604-636-4247, ਮਨਜੀਤ ਸਿੰਘ ਗਰੇਵਾਲ (ਜਨਰਲ ਸੈਕਟਰੀ):778-908-1570

ਭਾਈ ਜੈਵੀਰ ਸਿੰਘ (ਗ੍ਰੰਥੀ):1-226-971-9955, ਭਾਈ ਕੇਵਲ ਸਿੰਘ (ਗ੍ਰੰਥੀ):1-672-998-5848

# ਸੋਜੀ ਪ੍ਰੋਗਰਾਮ ਪਿੱਛੇ ਛੁਪਿਆ ਕਾਰਪੋਰੇਟ ਏਜੰਡਾ

ਕੈਨੇਡਾ ਦੇ ਸਕੂਲਾਂ ਵਿੱਚ ਪਿੱਛਲੇ ਕੁੱਝ ਸਮੇਂ ਤੋਂ ਧੜੱਲੇ ਨਾਲ ਲਾਗੂ ਕੀਤਾ ਜਾ ਰਿਹਾ 'ਲਿੰਗਕ ਰੁਚੀਆਂ ਅਤੇ ਲਿੰਗ ਪਹਿਚਾਣ' (Sexual Orientaiton and Gender Identity) ਪ੍ਰੋਗਰਾਮ ਜਾਂ ਸੋਜੀ ਦੇ ਵਿਰੋਧ ਵਿੱਚ 20 ਸਤੰਬਰ 2023 ਨੂੰ ਸਾਰੇ ਕੈਨੇਡਾ ਵਿੱਚ ਲੱਖਾਂ ਲੋਕਾਂ ਨੇ ਮੁਜਾਹਰੇ ਕੀਤੇ ਕਿਉਂਕਿ ਮਾਪੇ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਬਹੁਤ ਚਿੰਤਤ ਹਨ। ਉਨ੍ਹਾਂ ਦੀ ਚਿੰਤਾ ਵਾਜਬ ਹੈ ਕਿਉਂਕਿ ਇਸ ਪ੍ਰੋਗਰਾਮ ਤਹਿਤ ਗ੍ਰੇਡ K ਤੋਂ 12 ਤੱਕ ਜਿਹੜੀਆਂ ਦੋ ਕਿਤਾਬਾਂ GENDER QUEER ਅਤੇ It's Perfectly Normal ਜਾਂ ਹੋਰ ਸਬੰਧਤ ਸਮੱਗਰੀ ਸਕੂਲਾਂ ਵਿੱਚ ਪੜ੍ਹਾਉਣੀ ਜਾਂ ਦਿਖਾਉਣੀ ਹੈ ਉਹ ਕਿਸੇ ਵੀ ਤਰ੍ਹਾਂ Child Pornography ਤੋਂ ਘੱਟ ਨਹੀਂ ਹੈ। ਇਹ ਸਕੂਲਾਂ ਵਿੱਚ ਬੱਚਿਆਂ ਨੂੰ ਵਿਭਿੰਨਤਾ ਦਾ ਪਾਠ ਪੜ੍ਹਾਉਣ ਦੇ ਨਾਂ ਥੱਲੇ ਕੀਤਾ ਜਾ ਰਿਹਾ ਹੈ ਜਦੋਂ ਕਿ ਆਪਾਂ ਜਾਣਦੇ ਹਾਂ ਕਿ ਬੱਚਿਆਂ ਨੂੰ ਸਕੂਲਾਂ ਵਿੱਚ ਇਸ ਦਿਸ਼ਾ ਵਿੱਚ ਪਹਿਲਾਂ ਹੀ ਲੋੜ ਅਨੁਸਾਰ ਸਿੱਖਿਆ ਦਿੱਤੀ ਜਾ ਰਹੀ ਹੈ। ਅਸਲ ਵਿੱਚ ਸਰਕਾਰ ਦਾ ਨਿਸ਼ਾਨਾ ਕਿਤੇ ਹੋਰ ਹੈ। "ਵੋਹ ਦੁਆ ਕਰਤੇ ਹੈਂ ਹਮਾਰੇ ਜੀਨੇ ਕੀ ਔਰ ਦਵਾ ਦੇਤੇ ਹੈਂ ਹਮਾਰੇ ਮਰਨੇ ਕੀ।"ਇੰਨੇ ਵੱਡੇ ਪੱਧਰ ਤੇ ਲੋਕਾਂ ਦਾ ਵਿਰੋਧ ਅਤੇ ਸਰਕਾਰ ਦੀ ਸਾਜ਼ਸ਼ੀ ਚੁੱਪ ਬਹੁਤ ਸਵਾਲ ਖੜ੍ਹੇ ਕਰਦੀ ਹੈ। ਮਾਪਿਆਂ ਦਾ ਕਹਿਣਾ ਹੈ ਕਿ ਬੱਚਿਆਂ ਨੂੰ ਸਕੂਲਾਂ ਵਿੱਚ ਕਿਹਾ ਜਾ ਰਿਹਾ ਹੈ ਕਿ ਜੇ ਉਹ ਆਪਣਾ ਪੜਨਾਂਵ(ਹਏ ਤੋਂ ਸਹਏ ਜਾਂ ਇਸ ਦੇ ਉਲਟ) ਬਦਲਣਾ ਚਾਹੁੰਦੇ ਹਨ ਤਾ ਮਾਪਿਆਂ ਨੂੰ ਦੱਸਣ ਦੀ ਲੋੜ ਨਹੀਂ। ਸਰਕਾਰ ਜਾਂ ਸਕੂਲ ਬੋਰਡ ਮਾਪਿਆਂ ਨਾਲ ਕੋਈ ਗੱਲ ਕਰਨ ਨੂੰ ਤਿਆਰ ਨਹੀਂ, ਮਤਲਬ ਉਹ ਸਾਰਾ ਕੁੱਝ ਛੁਪਾ ਕੇ ਲਾਗੂ ਕਰਨਾ ਚਾਹੁੰਦੇ ਹਨ। ਚੋਰੀ ਦੇ ਪਿੱਛੇ ਹਮੇਸ਼ਾ ਮੰਦ ਭਾਵਨਾ ਛੁਪੀ ਹੁੰਦੀ ਹੈ।

ਕੁਦਰਤ ਵਲੋਂ ਸਿਰਫ ਦੋ ਲਿੰਗ ਦੇ ਬੱਚੇ XX ਕਰੋਮੋਸੋਮ ਨਾਲ ਲੜਕੀ ਅਤੇ XY ਕਰੋਮੋਸੋਮ ਨਾਲ ਲੜਕਾ ਪੈਦਾ ਕੀਤੇ ਜਾਂਦੇ ਹਨ। ਬਾਇਲੋਜੀਕਲੀ ਇਸ ਤੋਂ ਬਿਨ੍ਹਾਂ ਹੋਰ ਕੋਈ ਤੀਸਰਾ ਲਿੰਗ ਨਹੀਂ ਹੁੰਦਾ। ਕਦੇ ਕਦਾਈਂ ਕੋਈ ਬੱਚਾ ਗਰਭ ਧਾਰਨ ਵੇਲੇ ਕਰੋਮੋਸੋਮਾਂ ਦੇ ਗਲਤ ਮੇਲ ਨਾਲ ਜਮਾਂਦਰੂ ਹੀ ਜਣਨ ਅੰਗਾਂ ਦੇ ਨੁਕਸ ਨਾਲ ਪੈਦਾ ਹੁੰਦਾ ਹੈ ਜਿਸ ਨੂੰ ਸਾਡੇ ਸਮਾਜ ਵਿੱਚ ਖੁਸਰੇ (intersex) ਕਿਹਾ ਜਾਂਦਾ ਹੈ।ਬਾਇਲੋਜੀਕਲੀ ਤੇ ਕੁਦਰਤ ਅਨੁਸਾਰ XX ਕਰੋਮੋਸੋਮ ਵਾਲਾ ਬੱਚਾ ਕਦੇ ਮੁੰਡਾ ਅਤੇ XY ਵਾਲਾ ਕਦੇ ਕੁੜੀ ਨਹੀਂ ਹੋ ਸਕਦੀ। ਅੰਗਰੇਜ਼ੀ ਦੇ ਸ਼ਬਦ ਸੈਕਸ(ਸ਼ੲਣ) ਅਤੇ ਜੈਂਡਰ(Gender) ਦੋਨੋਂ ਦਾ ਇੱਕੋ-ਇੱਕ ਮਤਲਬ ਲਿੰਗ ਹੈ। ਲਿੰਗ ਪਹਿਚਾਣ ਜਾਂ ਜੈਂਡਰ ਆਈਡੈਂਟਟੀ ਨਾਂ ਦੀ ਕੋਈ ਚੀਜ ਕੁਦਰਤੀ ਨਹੀਂ ਹੈ ਅਤੇ ਨਾਂ ਇਸ ਦਾ ਕੋਈ ਵਿਗਿਆਨਿਕ ਸਬੂਤ ਹੈ। ਲਿੰਗਕ ਰੁੱਚੀਆਂ ਹਰ ਇੱਕ ਦੀਆਂ ਵੱਖਰੀਆਂ ਹੋ ਸਕਦੀਆਂ ਹਨ। ਇਹ ਕਿਹਾ ਜਾ ਰਿਹਾ ਹੈ ਕਿ ਕੁੜੀ ਵਿੱਚ ਮੁੰਡਾ ਬਣਨ ਦੀਆਂ ਜਾਂ ਮੁੰਡੇ ਵਿੱਚ ਕੁੜੀ ਬਣਨ ਦੀਆਂ ਭਾਵਨਾਵਾਂ ਪੈਦਾ ਹੋ ਸਕਦੀਆਂ ਹਨ। ਮਤਲੱਬ ਕਿ ਭਾਵਨਾਵਾਂ ਨੂੰ ਵਰਤ ਕੇ ਨਾ ਕਿ ਕਿਸੇ ਵਿਗਿਆਨਿਕ ਸਟੱਡੀ ਨੂੰ ਵਰਤ ਕੇ ਬੱਚਿਆਂ ਦੀ ਸੋਚ ਨੂੰ ਉਲਝਾਇਆ ਜਾ ਰਿਹਾ ਹੈ। ਇਹ ਬਚਪਨ ਅਤੇ ਜਵਾਨੀ ਨਾਲ ਕਿਡਾ ਵੱਡਾ ਜ਼ਾਲਿਮ ਮਜਾਕ ਹੈ।'ਜੈਂਡਰ ਇਡੈਂਟਿਟੀ" ਇਕ ਸੈਕਸੋਲੋਜਿਸਟ ਜੌਹਨ ਮਨੀ ਦੇ ਦਿਮਾਗ ਦੀ ਸ਼ੈਤਾਨੀ ਕਾਢ ਹੈ(David Reimer and John Money Gender Reassignment Controversy: The John/Joan Case) ਕਾਰਪੋਰੇਟ- ਸਰਕਾਰ ਗੱਠਜੋੜ ਵਲੋਂ ਇਸ ਸ਼ੈਤਾਨੀ ਚਾਲ ਦੇ ਪਿੱਛੇ ਲੁਕੇ ਮੰਤਵਾਂ ਤੇ ਏਜੰਡਿਆਂ ਨੂੰ ਪਛਾਨਣ ਦੀ ਲੋੜ ਹੈ। ਉਹ ਹਨ:

1. ਚੰਗੇ ਭਲੇ ਸਿਹਤਮੰਦ ਬੱਚਿਆਂ ਨੂੰ ਇਸ ਸੰਕਲਪ ਰਾਹੀਂ ਗੁਮਰਾਹ ਕਰਕੇ ਹਾਰਮੋਨਜ਼, ਜਵਾਨੀ ਰੋਕੂ (Puberty Blockers) ਅਤੇ ਇਨ੍ਹਾਂ ਦੇ ਉਲਟੇ ਅਸਰ ਨੂੰ ਰੋਕਣ ਵਾਲੀਆਂ ਦਵਾਈਆਂ ਅਤੇ ਲਿੰਗ ਬਦਲੂ ਮਹਿੰਗੀਆਂ ਸਰਜਰੀਆਂ ਰਾਹੀਂ ਅਰਬਾਂ ਖਰਬਾਂ ਡਾਲਰ ਦਾ ਮੁਨਾਫ਼ਾ ਕਮਾਉਣਾ।

2. ਜਵਾਨੀ ਨੂੰ ਭੰਵਲਭੂਸੇ ਵਿੱਚ ਪਾ ਕੇ ਉਨ੍ਹਾਂ ਨੂੰ ਸਰਰੀਕ, ਮਾਨਸਿਕ ਅਤੇ ਬੌਧਿਕ ਤੌਰ ਤੇ ਨਿਪੁੰਸਕ ਬਣਾ ਕੇ ਇਨ੍ਹਾਂ ਦੇ ਖਿਲਾਫ਼ ਉੱਠਣ ਵਾਲੀ ਆਵਾਜ਼ ਨੂੰ ਸਦਾ ਲਈ ਖਤਮ ਕਰਨਾ। ਨਸ਼ਿਆਂ ਤੋਂ ਬਾਅਦ ਜਵਾਨੀ ਨੂੰ ਬਰਬਾਦੀ ਵੱਲ ਧੱਕਣ ਦੀ ਇਹ ਅਗਲੀ ਚਾਲ ਹੈ।

3. ਸਮਾਜ ਨੂੰ ਆਪਸ ਵਿੱਚ ਵੰਡਣਾ ਅਤੇ ਸਰਕਾਰ ਖਿਲਾਫ਼ ਲੋਕਾਂ ਦੇ ਗੁੱਸੇ ਨੂੰ ਕਿਸੇ ਹੋਰ ਪਾਸੇ ਮੋੜਾ ਦੇਣਾ।ਅਸਲ ਵਿੱਚ ਜਦੋਂ ਬੱਚਾ ਜਵਾਨ ਹੁੰਦਾ ਹੈ ਤਾਂ ਉਸ ਵਿੱਚ ਬਹੁਤ ਹਾਰਮੋਨਿਕ ਤਬਦੀਲੀਆਂ ਆਉਂਦੀਆਂ ਹਨ ਅਤੇ ਕਈ ਬਾਰ ਬੱਚਾ ਭਾਵਨਾਤਮਿਕ ਜਾਂ ਮਾਨਸਿਕ ਪੀੜ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਹਾਲਤ ਵਿੱਚ ਉਸ ਨੂੰ ਵਕਤੀ ਤੌਰ ਤੇ ਆਪਣੇ ਸਰੀਰ ਨਾਲ ਨਫ਼ਰਤ ਹੋ ਸਕਦੀ ਹੈ ਅਤੇ ਵਿਰੋਧੀ ਲਿੰਗ ਵਾਲਾ ਸਰੀਰ ਚੰਗਾ ਲੱਗਣ ਲੱਗ ਸਕਦਾ ਹੈ। ਇਸ ਸਮੇਂ ਉਸ ਨੂੰ ਬਹੁਤ ਜ਼ਿਆਦਾ ਪਿਆਰ, ਹਮਦਰਦੀ ਤੇ ਸਹੀ ਸੇਧ ਦੀ ਲੋੜ ਹੁੰਦੀ ਹੈ। ਜੇਕਰ ਡਾਕਟਰੀ ਤੌਰ ਤੇ ਹਾਰਮੋਨਜ਼ ਦੀ ਕੋਈ ਗੜਬੜ ਹੈ ਤਾਂ ਉਸ ਦਾ ਠੀਕ ਦਿਸ਼ਾ ਵਿੱਚ ਇਲਾਜ ਕੀਤਾ ਜਾਵੇ ਨਾ ਕਿ ਉਸ ਨੂੰ ਨਿਪੁੰਸਕ ਬਣਨ ਵੱਲ ਪ੍ਰੇਰਿਆ ਜਾਵੇ। ਫਿਰ ਵੀ ਜੇਕਰ ਕੋਈ ਇਨਸਾਨ ਬਾਲਗ ਹੋਣ ਬਾਅਦ ਆਪਣਾ ਲਿੰਗ ਬਦਲਣਾ ਚਾਹੁੰਦਾ ਹੈ ਤਾਂ ਉਹ ਆਪਣੀ ਚੋਣ ਕਰਨ ਦਾ ਹੱਕਦਾਰ ਹੈ। ਪਰ ਸਾਡਾ ਤੇਜ ਤਰਾਰ ਚੁਸਤ ਲਾਣਾ ਮਾਸੂਮ ਬੱਚੇ ਦੀ ਐਸੀ ਮਾਨਸਿਕ ਹਾਲਤ ਦਾ ਫਾਇਦਾ ਉਠਾ ਕੇ, ਉਸ ਨੂੰ ਆਪਣੀ ਚਾਲ ਦਾ ਸ਼ਿਕਾਰ ਬਨਾਉਣ ਲਈ ਬਾਜ਼ ਅੱਖ ਟਿਕਾਈ ਬੈਠਾ ਹੈ। ਜਿਸ ਲਈ 'ਜੈਂਡਰ ਇਡੈਂਟਿਟੀ' ਦਾ ਸੰਕਲਪ ਲਿਆਂਦਾ ਜਾ ਰਿਹਾ ਹੈ।

ਕੀ ਬੱਚੇ ਦਾ ਲਿੰਗ ਤਬਦੀਲ ਹੋ ਸਕਦਾ ਹੈ? ਕਦੇ ਵੀ ਨਹੀਂ। ਜੋ ਕੁਦਰਤ ਨੇ ਪੈਦਾ ਕੀਤਾ ਹੈ ਉਸ ਨੂੰ ਬਦਲਿਆ ਨਹੀਂ ਜਾ ਸਕਦਾ। ਮੁੰਡੇ ਵਿੱਚ ਕਦੇ ਵੀ ਕੁੜੀ ਅਤੇ ਕੁੜੀ ਵਿੱਚ ਕਦੇ ਵੀ ਮੁੰਡੇ ਵਾਲੇ ਅੰਗ ਬਣ ਹੀ ਨਹੀਂ ਸਕਦੇ। ਹਾਰਮੋਨਜ਼, ਦਵਾਈਆਂ ਤੇ ਸਰਜਰੀ ਵਗੈਰਾ ਦਾ ਨਤੀਜਾ ਇਹ ਨਿਕਲਦਾ ਹੈ ਕਿ ਅਖੀਰ ਵਿੱਚ ਉਹ ਬੱਚਾ ਨਾ ਮੁੰਡਾ ਰਹਿੰਦਾ ਹੈ ਤੇ ਨਾ ਹੀ ਕੁੜੀ। ਉਹ ਸਾਰੀ ਉਮਰ ਪੱਕੇ ਤੌਰ ਤੇ ਔਲਾਦ ਪੈਦਾ ਕਰਨ ਦੇ ਅਯੋਗ ਹੋ ਜਾਂਦਾ ਹੈ। ਉਲਟਾ ਸਾਰੀ ਉਮਰ ਦਵਾਈਆਂ ਦਾ ਮਰੀਜ਼ ਬਣ ਜਾਂਦਾ ਹੈ। ਇਸ ਤੋਂ ਵੱਡਾ ਬੱਚਿਆਂ ਨਾਲ ਜ਼ਾਲਮਾਨਾ ਵਿਹਾਰ, ਉਨ੍ਹਾਂ ਦਾ ਸੋਸ਼ਣ ਅਤੇ ਉਸ ਦੀ ਜਵਾਨੀ ਤੇ ਕੁਦਰਤ ਨਾਲ ਖਿਲਵਾੜ ਕੀ ਹੋ ਸਕਦਾ ਹੈ? ਅਰਬਾਂ ਸਾਲ ਦਾ ਜੀਵ ਵਿਕਾਸ ਦੋ ਕੁਦਰਤੀ ਪ੍ਰਬਲ ਇੱਛਾਵਾਂ(natural instincts) ਸਦਾ ਜਿਉਂਦੇ ਰਹਿਣ ਅਤੇ ਆਪਣਾ ਬੰਸ਼ ਵਧਾਉਣ ਕਰਕੇ ਹੋਇਆ। ਬੱਚੇ ਕੋਲੋਂ ਦੂਸਰੀ ਕੁਦਰਤੀ ਇੱਛਾ ਸਦਾ ਲਈ ਖੋਹ ਲਈ ਜਾਂਦੀ ਹੈ। ਕਿੱਡਾ ਵੱਡਾ ਧੱਕਾ ! ਡਰੂਥਰਜ(Druthers- www.druthers.net ) ਦੇ ਜੂਨ 2023 ਦੇ ਅੰਕ ਨੰਬਰ 31 ਵਿੱਚ ਜੇਮੀ ਰੀਡ ਨਾਂ ਦੀ 42 ਸਾਲ ਐਲ.ਜੀ.ਬੀ ਟੀ ਕਿਊ ਭਾਈਚਾਰੇ ਨਾਲ ਸਬੰਧਤ ਔਰਤ ਜਿਸ ਨੇ 'ਸੇਂਟ ਲੂਈ ਚਿਲਡਰਨ ਹਸਪਤਾਲ ਦੇ ਟਰਾਂਸ ਜੈਂਡਰ ਸੈਂਟਰ ਵਿੱਚ ਚਾਰ ਸਾਲ (2018-2022)ਨੌਕਰੀ ਕੀਤੀ, ਦਾ ਆਰਟੀਕਲ ਹਰ ਇਕ ਦੀਆਂ ਅੱਖਾਂ ਖੋਲਣ ਵਾਲਾ ਹੈ ਜਿਸ ਨੇ ਕਾਰਪੋਰੇਟ ਜਗਤ ਦੀਆਂ ਲਾਲਸਾਵਾਂ ਨੂੰ ਜੱਗ ਜ਼ਾਹਰ ਕਰ ਦਿੱਤਾ ਹੈ। ਇਸ ਆਰਟੀਕਲ ਦੇ ਕੁੱਝ ਮਹੱਤਵ ਪੂਰਨ ਨੁਕਤੇ ਮੈਂ ਹੇਠਾਂ ਦੇ ਰਿਹਾ ਹਾਂ।

1. 2018 ਤੋਂ ਲੈ ਕੇ 2022 ਤੱਕ ਲਿੰਗ ਬਦਲੀ ਦੇ ਇੱਛਕ ਬੱਚਿਆਂ ਦੇ ਗਿਣਤੀ ਵਿੱਚ ਅਥਾਹ ਵਾਧਾ ਹੋਇਆ ਹੈ। ਸਬੰਧਤ ਕਾਲਾਂ ਦੀ ਗਿਣਤੀ 10/ਮਹੀਨਾ ਤੋਂ 50/ਮਹੀਨਾ ਹੋ ਗਈ ਜਿਨ੍ਹਾਂ ਵਿੱਚ 70% ਕੁੜੀਆਂ ਹੁੰਦੀਆਂ ਸਨ ਅਤੇ ਬਹੁਤ ਬਾਰ ਉਹ ਵੀ ਇਕੋ ਹਾਈ ਸਕੂਲ ਤੋਂ ਗਰੁੱਪ ਦੀ ਸ਼ਕਲ ਵਿੱਚ।

2. ਜਿਹੜੀਆਂ ਕੁੜੀਆਂ ਉੱਥੇ ਜਾਂਦੀਆਂ ਸਨ ਉਹ ਕਈ ਬਿਮਾਰੀਆਂ ਜਿਵੇਂ ਡਿਪਰੈਸ਼ਨ, ਉਤੇਜਨਾ, ਅਧ੍ਰਧ ਵਿਗਾੜ(ਟੇਕ ਜਿਹੀ ਨਾ ਆਉਣੀ), ਖਾਣਪੀਣ ਦਾ ਵਿਗਾੜ ਅਤੇ ਮੋਟਾਪੇ ਵਗੈਰਾ ਦਾ ਸ਼ਿਕਾਰ ਹੁੰਦੀਆਂ ਸਨ। ਕਈ ਬੱਚੇ auitsm ਜਾਂ ਇਸ ਦੇ ਲੱਛਣਾਂ ਦੇ ਸ਼ਿਕਾਰ ਹੁੰਦੇ ਸਨ। ਇਸ ਤੋਂ ਬਿਨ੍ਹਾਂ ਉਨ੍ਹਾਂ ਕੋਲ ਉਹ ਜਵਾਨ ਮਰੀਜ਼ ਵੀ ਭੇਜੇ ਜਾਂਦੇ ਜਿਹੜੇ ਹਸਪਤਾਲਾਂ ਵਿੱਚ ਦਿਮਾਗੀ ਤੇ ਮਾਨਸਿਕ ਰੋਗਾਂ ਕਰਕੇ ਦਾਖਲ ਹੁੰਦੇ ਸਨ। ਉਹ ਜ਼ਿਆਦਾਤਰ ਤਲਾਕਸ਼ੁਦਾ, ਨਸ਼ੇ ਖੋਰ ਜਾਂ ਮੁਜਰਮ ਮਾਂ ਬਾਪ ਵਾਲੇ ਟੁੱਟੇ ਹੋਏ ਪਰਿਵਾਰਾਂ ਤੋਂ ਆਏ ਹੁੰਦੇ ਸਨ ਅਤੇ ਬਹੁਤ ਹੀ ਮਾਨਸਿਕ ਦਰਦ ਅਤੇ ਪ੍ਰੇਸ਼ਾਨੀਆਂ ਵਿਚੋਂ ਲੰਘ ਰਹੇ ਹੁੰਦੇ ਸਨ। ਉਹ ਬਹੁਤ ਹੀ ਹਮਦਰਦੀ, ਪਿਆਰ ਅਤੇ ਧਿਆਨ ਦੇ ਪਾਤਰ ਹੁੰਦੇ ਹਨ ਪਰ ਇਸ ਦੇ ਉਲਟ ਉਹ ਬਦਕਿਸਮਤ ਇਸ ਸਿਸਟਮ ਦੀ ਭੇਟ ਚੜ੍ਹ ਜਾਂਦੇ ਹਨ ਕਿਉਂਕਿ ਡਾਕਟਰ ਉਨ੍ਹਾਂ ਦਾ ਇਲਾਜ ਲਿੰਗ ਬਦਲਾਅ ਵਿੱਚ ਹੀ ਦੇਖਦੇ ਹਨ। (ਕੋਈ ਮਰੇ ਕੋਈ ਜੀਵੇ ਸੁੱਥਰਾ ਘੋਲ ਪਤਾਸੇ ਪੀਵੇ)

3. ਕਈ ਬਾਰ ਉਨ੍ਹਾਂ ਦੇ ਮਰੀਜ਼ ਆਪਣੇ ਆਪ ਨੂੰ ਕਿਸੇ ਨਾੜੀ ( Neuro) ਰੋਗਾਂ ਨਾਲ ਸਬੰਧਤ ਵਿਗਾੜ ਦਾ ਸ਼ਿਕਾਰ ਹੋਣ ਦਾ ਭਰਮ ਪਾਲ ਕੇ ਆ ਜਾਂਦੇ ਸਨ ਪਰ ਡਾਕਟਰ ਚੈਕ ਕਰਨ ਤੇ ਉਨ੍ਹਾਂ ਨੂੰ ਠੀਕ ਠਾਕ ਪਾਉਂਦੇ। ਡਾਕਟਰ ਮੰਨਦੇ ਕਿ ਉਹ ਉਸ ਸਮਾਜਿਕ ਲਾਗ ਦਾ ਸ਼ਿਕਾਰ ਹਨ ਜਿਸ ਵਿੱਚ ਵਿਹਾਰ ਜਾਂ ਭਾਵਨਾਵਾਂ ਅੱਗੇ ਤੋਂ ਅੱਗੇ ਬਿਨ੍ਹਾ ਕਿਸੇ ਚੇਤਨਾ ਤੋਂ ਚਲਦੀਆਂ ਰਹਿੰਦੀਆਂ ਹਨ। ਜਦੋਂ ਉਹ ਕਹਿੰਦੀ ਕਿ ਇਸੇ ਤਰ੍ਹਾਂ ਇਕੋ ਸਕੂਲ ਤੋਂ ਆਇਆ ਕੁੜੀਆਂ ਦਾ ਲਿੰਗਕ ਮਸਲੇ ਵਾਲਾ ਗਰੁੱਪ ਵੀ ਸਮਾਜਿਕ ਲਾਗ ਦਾ ਸ਼ਿਕਾਰ ਹੋਏਗਾ ਤਾਂ ਡਾਕਟਰ ਪੈਰ ਤੇ ਹੀ ਪੈਂਤੜਾ ਬਦਲ ਕੇ ਕਹਿੰਦੇ ਨਹੀਂ 'ਲਿੰਗ ਪਹਿਚਾਣ' ਦਾ ਵਿਗਾੜ ਜਮਾਂਦਰੂ ਹੈ। ਡਾਕਟਰਾਂ ਦਾ ਦੋਗਲਾਪਣ ਸਰਕਾਰ ਵਲੋਂ ਬਣਾਏ ਪ੍ਰੋਟੋਕੋਲ ਦੀ ਲੱਛਮਣ-ਰੇਖਾ ਨਾ ਉਲੰਘਣ ਦੀ ਉਨ੍ਹਾਂ ਦੀ ਮਜਬੂਰੀ ਹੈ।

4. ਸਰਕਾਰੀ ਪ੍ਰੋਟੋਕੋਲ ਕੀ ਹੈ? ਜਦੋਂ ਕੋਈ ਬੱਚਾ ਟ੍ਰਾਂਸ-ਜੈਂਡਰ ਸੈਂਟਰ ਵਿੱਚ ☞




ਆਉਂਦਾ ਹੈ ਤਾਂ ਉਸ ਨੂੰ ਇੱਕ ਜਾਂ ਦੋ ਬਾਰ ਕਿਸੇ ਥੈਰਿਪਿਸਟ ਕੋਲ ਭੇਜਿਆ ਜਾਂਦਾ ਹੈ ਜੋ ਹਰੀ ਬੱਤੀ ਦੇ ਕੇ ਹਾਰਮੋਨ-ਸਪੈਸ਼ਲਿਸਟ ਕੋਲ ਭੇਜ ਦਿੰਦਾ ਹੈ ਅਤੇ ਉਹ ਉਸ ਨੂੰ ਸਾਰੀ ਉਮਰ ਲਈ ਹਾਰਮੋਨਜ਼ ਤੇ ਪਾ ਦਿੰਦਾ ਹੈ, ਮੁੰਡਿਆਂ ਨੂੰ ਕੁੜੀਆਂ ਵਾਲੇ ਤੇ ਕੁੜੀਆਂ ਨੂੰ ਮੁੰਡਿਆਂ ਵਾਲੇ ਹਾਰਮੋਨਜ਼। ਮੁੰਡਿਆਂ ਨੂੰ Puberty Blockers ਲਈ Bicalutamide ਨਾਂ ਦੀ ਕੈਂਸਰ ਦੀ ਦਵਾਈ ਦਿੱਤੀ ਜਾਂਦੀ ਹੈ ਜੋ ਬਹੁਤ ਹੀ ਮਾਰੂ ਹੈ । ਇਨ੍ਹਾਂ ਦਵਾਈਆਂ ਦੇ ਅੱਗੇ ਸਰੀਰ ਤੇ ਮਾਰੂ ਪ੍ਰਭਾਵ ਪੈਣੇ ਸ਼ੁਰੂ ਹੋ ਜਾਂਦੇ ਹਨ ਅਤੇ ਬੱਚਾ ਹੋਰ ਦਵਾਈਆਂ ਦਾ ਮਰੀਜ਼ ਬਣ ਜਾਂਦਾ ਹੈ ਜਿਵੇਂ ਬਲੱਡ ਪ੍ਰੈਸ਼ਰ, ਸ਼ੂਗਰ, ਕਲੇਸਟ੍ਰੋਲ ਵਗੈਰਾ। ਬੱਚਿਆਂ ਨੂੰ ਕੁੱਝ ਮਾਰੂ ਪ੍ਰਭਾਵਾਂ ਸਣੇ ਨਿਪੁੰਸਕਤਾ ਬਾਰੇ ਦੱਸਿਆ ਜਾਂਦਾ ਹੈ ਪਰ ਉਹ ਵਿਚਾਰੇ ਚੜ੍ਹਦੀ ਜਵਾਨੀ ਵਿੱਚ, ਕਈ ਦਬਾਵਾਂ ਕਾਰਨ ਇਨ੍ਹਾਂ ਪ੍ਰਭਾਵਾਂ ਨੂੰ ਸਮਝਣ ਦੇ ਕਾਬਲ ਹੀ ਨਹੀਂ ਹੁੰਦੇ।

5. ਇਸ ਸੈਂਟਰ ਦੀ ਕੰਮ ਕਰਨ ਦੀ ਇਹ ਧਾਰਨਾ ਸੀ ਕਿ ਲਿੰਗਕ ਪਹਿਚਾਣ ਦੇ ਵਿਗਾੜ (Gender Dysphoria) ਦਾ ਜਿੰਨੀ ਛੋਟੀ ਉਮਰ ਵਿੱਚ ਇਲਾਜ ਕਰ ਲਿਆ ਜਾਵੇ ਉੰਨਾ ਹੀ ਕਈ ਪ੍ਰੇਸ਼ਾਨੀਆਂ ਤੋਂ ਬਚਿਆ ਜਾ ਸਕਦਾ ਹੈ।( ਇਸ ਦੇ ਪਿਛੇ ਛਿਪੀ ਸਾਜ਼ਿਸ਼ ਸਾਫ਼ ਨਜ਼ਰ ਆਉਂਦੀ ਹੈ। ਕਿ ਛੋਟੇ ਬੱਚੇ ਨੂੰ ਭਰਮਾਉਣ ਸੌਖਾ ਹੈ) ਕਈ ਬੱਚੇ ਵੱਡੇ ਹੋ ਕੇ ਆਪਣੇ ਨਿਆਣ ਮੱਤ ਵਿੱਚ ਲਏ ਫੈਸਲੇ ਤੋਂ ਪਛਤਾਉਂਦੇ ਹਨ ਪਰ ਇਹ ਅਮਲ ਵਾਪਸ ਪਰਤਣ ਦੇ ਯੋਗ ਨਹੀਂ ਹੈ।ਸੈਂਟਰ ਦੀ ਵੈਬਸਾਈਟ ਕਹਿੰਦੀ ਹੈ ਕਿ ਇਸ ਵਿਗਾੜ ਦੇ ਬੱਚਿਆਂ ਦਾ ਇਲਾਜ ਨਾ ਕਰਨ ਨਾਲ ਉਨ੍ਹਾਂ ਦਾ ਆਤਮਹੱਤਿਆ ਸਣੇ ਬਹੁਤ ਨੁਕਸਾਨ ਹੋ ਸਕਦਾ ਹੈ ਪਰ ਇਲਾਜ ਕਰਕੇ ਉਹ ਇਸ ਤੋਂ ਬੱਚ ਜਾਂਦੇ ਹਨ ਅਤੇ ਮਾਨਸਿਕ ਤੌਰ ਤੇ ਦੂਸਰੇ ਨਾਲ ਦੇ ਬੱਚਿਆਂ ਵਾਂਗ ਜਾਂ ਉਨ੍ਹਾਂ ਤੋਂ ਵਧੀਆ ਤਰ੍ਹਾਂ ਵਿਚਰ ਸਕਦੇ ਹਨ। ਪਰ ਇਸ ਤਰ੍ਹਾਂ ਦੀ ਕੋਈ ਭਰੋਸੇਯੋਗ ਖੋਜ ਨਹੀਂ ਹੈ।

6. ਜਦੋਂ ਜੇਮੀ ਰੀਡ ਨੇ ਇਹ ਮਹਿਸੂਸ ਕੀਤਾ ਕਿ ਅਮਰੀਕਨ ਮੈਡੀਕਲ ਸਿਸਟਮ "ਕੋਈ ਨੁਕਸਾਨ ਨਾ ਕਰਨ" ਦੇ ਵਾਅਦੇ ਦੇ ਉਲਟ ਚੱਲ ਰਿਹਾ ਹੈ ਤਾਂ ਉਹ ਤੇ ਉਸ ਦੀ ਇਕ ਸਹਿ ਮੁਲਾਜ਼ਮ ਨੇ ਇਸ ਤੇ ਸਵਾਲ ਉਠਾਉਣੇ ਸ਼ੁਰੂ ਕੀਤੇ। ਉਨ੍ਹਾਂ ਨੂੰ ਡਾਕਟਰਾਂ ਤੇ ਮੈਨੇਜਮੈਂਟ ਨੇ ਕਿਹਾ ਕਿ ਉਹ "ਦਵਾਈਆਂ ਅਤੇ ਵਿਗਿਆਨ" ਤੇ ਇਸ ਦੀ ਪ੍ਰਮਾਣਕਿਤਾ ਤੇ ਸਵਾਲ ਨਾ ਉਠਾਉਣ, ਨਾਲੇ ਵਾਰਨਿੰਗ ਦੇ ਦਿੱਤੀ ਕਿ ਜਾਂ ਤਾਂ ਉਹ ਸਿਸਟਮ ਅਨੁਸਾਰ ਚਲਣ ਜਾਂ ਫਿਰ ਨੌਕਰੀ ਛੱਡ ਦੇਣ। ਉਸ ਦੀ ਜ਼ਮੀਰ ਨੇ ਪਾਪਾਂ ਦੀ ਭਾਗੀ ਬਣਨ ਤੋਂ ਇਨਕਾਰ ਕਰ ਦਿੱਤਾ ਅਤੇ ਉਥੋਂ ਨਵੰਬਰ 2022 ਵਿੱਚ ਨੌਕਰੀ ਛੱਡ ਦਿੱਤੀ।ਉਸ ਵਲੋਂ ਇਸ ਆਰਟੀਕਲ ਵਿੱਚ ਇਸ ਅਮਲ ਦੇ ਸ਼ਿਕਾਰ ਹੋਏ ਕਈ ਬੱਚਿਆਂ ਦੀ ਤਰਸਯੋਗ ਹਾਲਤ ਦੀਆਂ ਦਿੱਤੀਆਂ ਉਦਾਰਹਣਾਂ ਦਿਲ ਕੰਬਾਊ ਹਨ ਜੋ ਜਗ੍ਹਾ ਦੀ ਕਮੀ ਕਰਕੇ ਇੱਥੇ ਨਹੀਂ ਦਿੱਤੀਆਂ ਜਾ ਸਕੀਆਂ। ਬੱਚਿਆਂ ਨੂੰ ਫੁਸਲਾ ਕੇ ਲਿੰਗ ਪਰਿਵਰਤਨ ਵੱਲ ਪ੍ਰੇਰਨ ਤੋਂ ਬਾਅਦ ਉਨ੍ਹਾਂ ਦੇ ਮਾਪਿਆਂ ਵਿੱਚ ਸਹਿਮ ਪੈਦਾ ਕੀਤਾ ਜਾਂਦਾ ਹੈ ਕਿ ਜੇ ਉਨ੍ਹਾਂ ਨੇ ਇਸ ਲਈ ਹਾਮੀ ਨਾ ਭਰੀ ਤਾਂ ਉਨ੍ਹਾਂ ਦਾ ਬੱਚਾ ਆਤਮਹੱਤਿਆ ਕਰ ਸਕਦਾ ਹੈ। ਇਸ ਦੀ ਤਸਦੀਕ ਲਈ ਇਕ ਕੁੜੀ Chloe Cole ਦੀ youtube ਤੇ ਵੀਡੀਓ ਅਤੇ Wikipeida ਤੇ ਪਈ ਕਹਾਣੀ ਦੀ ਉਦਾਰਹਣ ਹੀ ਕਾਫ਼ੀ ਹੈ। ਉਸ ਦੇ ਮਾਪਿਆਂ ਨੂੰ ਡਰਾਇਆ ਗਿਆ," ਤੁਸੀਂ ਮਰੀ ਹੋਈ ਕੁੜੀ ਚਾਹੁੰਦੇ ਹੋ ਜਾਂ ਟ੍ਰਾਂਸਜੈਂਡਰ ਮੁੰਡਾ?" ਸਾਰਾ ਸਰਕਾਰੀ ਤੰਤਰ ਹੀ ਇਸ ਦਿਸ਼ਾ ਵਿੱਚ ਕੰਮ ਕਰ ਰਿਹਾ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਇਨ੍ਹਾਂ ਨੇ ਲੋਕਾਂ ਨੂੰ ਡਰਾ ਕੇ ਕੋਵਿਡ ਦੇ ਟੀਕੇ ਲਾਏ। ਇਸ ਤੋਂ ਵੀ ਦੁਖਦਾਈ ਪਹਿਲੂ ਇਸ ਅਮਲ ਦਾ ਇਹ ਹੈ ਕਿ ਜੋ ਹਾਰਮੋਨਜ਼ ਜਾਂ Puberty Blockers ਬੱਚਿਆਂ ਨੂੰ ਦਿੱਤੇ ਜਾ ਰਹੇ ਹਨ ਉਨ੍ਹਾਂ ਦੇ ਦੂਰ ਰੱਸ ਪ੍ਰਭਾਵ ਕੀ ਹੋਣਗੇ ? ਕੀ ਉਹ ਬੱਚੇ ਲੰਬੀ ਉਮਰ ਭੋਗਣ ਦੇ ਕਾਬਿਲ ਹੋਣਗੇ ਜਾਂ ਨਹੀਂ? ਇਸ ਬਾਰੇ ਕੋਈ ਸਟੱਡੀ ਨਹੀਂ ਹੈ। ਕੀ ਪਤਾ ਉਹ ਪ੍ਰਭਾਵ ਕਿੰਨੇ ਖਤਰਨਾਕ ਹੋਣਗੇ ਜਿਵੇਂ ਕੋਵਿਡ ਦੇ ਟੀਕਿਆਂ ਨਾਲ ਹੁਣ ਕਈ ਜਵਾਨ ਬੱਚਿਆਂ ਦੇ ਖ਼ੂਨ ਵਿੱਚ ਕਲੋਟ ਆਉਣ ਨਾਲ ਅਚਾਨਕ ਮੌਤ ਹੋ ਰਹੀ ਹੈ। ਫਾਈਜ਼ਰ ਵਰਗੀਆਂ ਕਾਰਪੋਰੇਸ਼ਨਾਂ ਅਰਬਾਂ ਡਾਲਰ ਕਮਾ ਕੇ ਲਾਂਭੇ ਹੋ ਗਈਆਂ ਅਤੇ ਲੋਕ ਨਤੀਜੇ ਭੁਗਤ ਰਹੇ ਹਨ। ਤੁਸੀਂ ਕਹਾਵਤ ਸੁਣੀ ਹੋਣੀ ਹੈ "ਲਾਗੀਆਂ ਨੇ ਲਾਗ ਲੈਣਾ ਭਾਵੇਂ ਜਾਂਦੀ ਰੰਡੀ ਹੋ ਜਾਵੇ।" ਇਥੇ ਇਹ ਦੱਸਣਾ ਜਰੂਰੀ ਹੈ ਕਿ ਜਿਨ੍ਹਾਂ ਬਾਡੀ ਬਿਲਡਰਾਂ ਨੇ ਬਾਡੀ ਬਨਾਉਣ ਲਈ ਟੈਸਟੋਸਟੈਰੋਨ ਹਾਰਮੋਨਜ਼ ਖਾਧੇ ਸਨ ਉਨ੍ਹਾਂ ਵਿਚੋਂ ਬਹੁਤ ਬੁਢਾਪੇ ਵਿੱਚ ਜਾਣ ਤੋਂ ਪਹਿਲਾਂ ਹੀ ਬਹੁਤ ਹੀ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ।

ਇਸ ਸਾਰੇ ਮਸਲੇ ਦਾ ਇਕ ਹੋਰ ਵੀ ਪਹਿਲੂ ਹੈ ਕਿ ਐਂਟੀ-ਸੋਜੀ ਲਹਿਰ ਨੂੰ ਸਰਕਾਰ ਗਲਤ ਰੰਗਤ ਦੇ ਕੇ ਇਸਨੂੰ ਐਲ ਜੀ ਬੀ ਟੀ ਕਿਊ (ਲ਼ਘਭਠਥ) ਕਮਿਊਨਿਟੀ ਦੇ ਖਿਲਾਫ਼ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਮੀਡੀਆ ਜ਼ਿਆਦਾਤਰ ਕਾਰਪੋਰੇਟ ਕੰਟਰੋਲ ਵਿੱਚ ਹੈ ਉਹ ਵੀ ਇਸ ਦਿਸ਼ਾ ਵਿੱਚ ਪੂਰਾ ਰੋਲ ਨਿਭਾ ਰਿਹਾ ਹੈ। ਉਨ੍ਹਾਂ ਨੂੰ ਢਾਲ ਬਣਾ ਕੇ ਸਰਕਾਰ ਆਪਣਾ ਏਜੰਡਾ ਲਾਗੂ ਕਰਨਾ ਚਾਹੁੰਦੀ ਹੈ। ਉਨ੍ਹਾਂ ਨੂੰ ਉਕਸਾ ਕੇ 20 ਸਤੰਬਰ ਨੂੰ ਐਂਟੀ-ਸੋਜੀ ਮੁਜ਼ਾਹਰਿਆਂ ਦੇ ਵਿਰੁੱਧ ਖੜ੍ਹਾ ਕਰ ਦਿੱਤਾ ਜਦੋਂ ਕਿ ਇਸ ਲਹਿਰ ਦਾ ਉਨ੍ਹਾਂ ਦੇ ਹੱਕਾਂ ਦੇ ਵਿਰੋਧ ਨਾਲ ਦੂਰ ਦਾ ਵੀ ਕੋਈ ਰਿਸ਼ਤਾ ਨਹੀਂ ਹੈ। ਮੈਂ ਸਰੀ (ਬੀ. ਸੀ) ਵਿੱਚ ਉਸ ਦਿਨ ਹੋਏ ਪ੍ਰੋਟੈਸਟ, ਜਿਸ ਵਿੱਚ ਸਾਰੇ ਭਾਈਚਾਰਿਆਂ ਦੇ ਹਜਾਰਾਂ ਲੋਕਾਂ ਨੇ ਸ਼ਮੂਲੀਅਤ ਕੀਤੀ ਦਾ ਚਸ਼ਮਦੀਦ ਗਵਾਹ ਹਾਂ। ਪੂਰੇ ਪ੍ਰੋਟੈਸਟ ਵਿੱਚ ਇਕ ਵੀ ਮੋਟੋ ਜਾਂ ਨਾਹਰਾ ਨਹੀਂ ਸੀ ਜੋ ਇਸ ਕਮਿਊਨਿਟੀ ਦੇ ਹੱਕਾਂ ਦੇ ਖਿਲਾਫ਼ ਹੋਵੇ ਤੇ ਨਾ ਹੀ ਕਿਸੇ ਬੁਲਾਰੇ ਨੇ ਇਕ ਵੀ ਸ਼ਬਦ ਉਨ੍ਹਾਂ ਖ਼ਿਲਾਫ਼ ਬੋਲਿਆ। ਪਰ ਜਦੋਂ ਇਹ ਪ੍ਰੋਟੈਸਟ ਬੀ ਸੀ ਦੀ ਵਿਦਿਆ ਮੰਤਰੀ ਰਚਨਾ ਸਿੰਘ ਦੇ ਸਰੀ ਸਥਿੱਤ ਦਫਤਰ ਪਹੁੰਚਿਆ ਤਾਂ ਉੱਥੇ ਸਰਕਾਰ ਦੀ ਸ਼ਹਿ ਤੇ ਕੋਈ 45-50 ਲੋਕ ਐਲ ਜੀ ਬੀ ਟੀ ਕਿਊ ਵਲੋਂ ਪੁਲਿਸ ਦੀ ਰੱਖਿਆ ਲੈ ਕੇ ਖੜ੍ਹੇ ਸਨ, ਜਿਨ੍ਹਾਂ ਨੇ ਐਂਟੀ-ਸੋਜੀ ਪ੍ਰੋਟੈਸਟ ਦਾ ਵਿਰੋਧ ਕਰਕੇ ਤੇ ਉਨ੍ਹਾਂ ਵੱਲ ਸਿੱਧਾ ਖੜ੍ਹੇ ਹੋ ਕੇ ਉੱਥੇ ਟਕਰਾਅ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਉਹ ਉੱਥੇ ਸਰਕਾਰ ਅਤੇ ਮੰਤਰੀ ਦੀ ਢਾਲ ਬਣ ਕੇ ਖੜ੍ਹ ਗਏ। ਲੋਕਾਂ ਦੇ ਪੁਲਿਸ ਨੂੰ ਜ਼ੋਰ ਦੇਣ ਤੇ ਕਿ ਉਨ੍ਹਾਂ ਨੂੰ ਵਿਦਿਆ ਮੰਤਰੀ ਦੇ ਦਫਤਰ ਨੇੜੇ ਜਾਣ ਦਿੱਤਾ ਜਾਵੇ ਜਿਵੇਂ ਉਹ ਪ੍ਰਾਈਵੇਟ ਪ੍ਰਾਪਰਟੀ ਵਿੱਚ ਖੜ੍ਹੇ ਹਨ ਤਾਂ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ ਮਹਿਕਮੇ ਵਲੋਂ ਇਜ਼ਾਜ਼ਤ ਦਿੱਤੀ ਹੋਈ ਸੀ। ਇਸ ਦਾ ਸਿੱਧਾ ਜਿਹਾ ਅਰਥ ਇਹ ਨਿਕਲਦਾ ਸੀ ਕਿ ਉਹ ਉਥੇ ਸਰਕਾਰ ਦੀ ਸ਼ਹਿ ਤੇ ਐਂਟੀ-ਸੋਜੀ ਪ੍ਰੋਟੈਸਟ ਦਾ ਵਿਰੋਧ ਕਰਨ ਅਤੇ ਉਨ੍ਹਾਂ ਲੋਕਾਂ ਨੂੰ ਉਕਸਾਉਣ ਲਈ ਖੜ੍ਹੇ ਸਨ।

ਇਸ ਤੇ ਪਹਿਲਾਂ ਤੋਂ ਹੀ ਪ੍ਰੇਸ਼ਾਨ ਮਾਪਿਆਂ ਦਾ ਆਪਮੁਹਾਰਾ ਗੁੱਸਾ ਉਨ੍ਹਾਂ ਵਿਰੁੱਧ ਭੜਕ ਗਿਆ, ਜੋ ਸੁਭਾਵਕ ਸੀ। ਇਸ ਨੂੰ ਉਨ੍ਹਾਂ ਨੇ ਐਂਟੀ-ਸੋਜੀ ਲੋਕਾਂ ਵਲੋਂ ਉਨ੍ਹਾਂ ਵਿਰੁੱਧ ਨਫ਼ਰਤ ਦਾ ਪ੍ਰਗਟਾਵਾ ਬਣਾ ਕੇ ਪ੍ਰੈਸ ਵਿੱਚ ਪੇਸ਼ ਕੀਤਾ। ਇਹ ਕੋਰਾ ਝੂਠ ਸੀ ਜੋ ਕਿ ਲੋਕਾਂ ਦੀ ਹਮਦਰਦੀ ਜਿੱਤਣ ਅਤੇ ਆਪਣੇ ਸਰਕਾਰ ਭਗਤੀ ਸਟੈਂਡ ਨੂੰ ਜਾਇਜ਼ ਠਹਿਰਾਉਣ ਲਈ ਬੋਲਿਆ ਗਿਆ। ਗੁਸੇ ਦੇ ਸ਼ਿਕਾਰ ਲੋਕ ਇਸ ਲਈ ਖ਼ੁਦ ਜ਼ਿਮੇਵਾਰ ਹਨ।ਅਸੀਂ ਉਨ੍ਹਾਂ ਦੇ ਪ੍ਰੋ-ਸੋਜੀ ਜਾਂ ਆਪਣੇ ਹੱਕਾਂ ਦੇ ਹੱਕ ਵਿੱਚ ਪ੍ਰੋਟੈਸਟ ਕਰਨ ਦਾ ਆਦਰ ਕਰਦੇ ਹਾਂ ਪਰ ਉਨ੍ਹਾਂ ਨੂੰ ਵੀ ਐਂਟੀ-ਸੋਜੀ ਪ੍ਰੋਟੈਸਟ ਨਾਲ ਟਕਰਾਅ ਵਿੱਚ ਆਉਣ ਦਾ ਕੋਈ ਅਧਿਕਾਰ ਨਹੀਂ ਸੀ। ਉਹ ਕਿਸੇ ਦਿਨ ਹੋਰ ਜਾਂ ਉਸੇ ਦਿਨ ਕਿਸੇ ਹੋਰ ਜਗ੍ਹਾ ਤੇ ਆਪਣਾ ਪ੍ਰੋਟੈਸਟ ਕਰ ਸਕਦੇ ਸੀ ਕਿਸੇ ਨੂੰ ਵੀ ਕੋਈ ਇਤਰਾਜ਼ ਨਹੀਂ ਸੀ। ਸਰਕਾਰ ਵਰਕਿੰਗ ਜਮਾਤ ਵਿੱਚ ਫੁੱਟ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਮੇਰੀ ਐਂਟੀ-ਸੋਜੀ ਲਹਿਰ ਦੇ ਕਈ ਪ੍ਰਬੰਧਕਾਂ ਨਾਲ ਗੱਲ ਹੋਈ ਹੈ। ਹਰ ਕੋਈ ਲ਼ਘਭਠਥ ਕਮਿਊਨਿਟੀ ਦੇ ਹੱਕਾਂ ਦਾ ਆਦਰ ਕਰਦਾ ਹੈ ਅਤੇ ਹਰ ਕੋਈ ਇਸ ਗੱਲ ਦਾ ਮੁਦੱਈ ਹੈ ਕਿ ਹਰ ਬਾਲਗ ਨੂੰ ਆਪਣੀ ਜ਼ਿੰਦਗੀ, ਆਪਣੀ ਮਰਜੀ ਨਾਲ ਜਿਊਣ ਦਾ ਹੱਕ ਹੈ।LGBTQ ਕਮਿਊਨਿਟੀ ਨੂੰ ਵੀ ਮਾਪਿਆਂ ਦੇ ਹੱਕਾਂ ਦਾ ਆਦਰ ਕਰਨਾ ਚਾਹੀਦਾ ਹੈ ਅਤੇ ਸਰਕਾਰ ਦੇ ਹੱਕ ਵਿੱਚ ਨਹੀਂ ਭੁਗਤਣਾ ਚਾਹੀਦਾ।

ਜਿੰਨੀ ਦੇਰ ਤੱਕ ਬੱਚਾ ਬਾਲਗ ਨਹੀਂ ਹੋ ਜਾਂਦਾ, ਮਾਪਿਆਂ ਦਾ ਬੱਚਿਆਂ ਤੇ ਹੱਕ ਬਰਕਰਾਰ ਰਹਿੰਦਾ ਹੈ, ਸਰਕਾਰ ਨੂੰ ਇਹ ਗੱਲ ਮੰਨਣ ਲਈ ਅੱਜ ਨਹੀਂ ਤਾਂ ਕਲ ਮਜਬੂਰ ਹੋਣਾ ਪੈਣਾ ਹੈ। ਉਹ ਮਾਪਿਆਂ ਦੇ ਹੱਕ ਖੋਹਣ ਦੀ ਕੋਸ਼ਿਸ਼ ਕਰ ਰਹੀ ਹੈ ਜਿਸ ਤੋਂ ਮਾਪੇ ਫ਼ਿਕਰਮੰਦ ਹਨ। ਅੱਜ ਸਮੇਂ ਦੀ ਲੋੜ ਹੈ ਕਿ ਹਰ ਇਨਸਾਫ ਪਸੰਦ ਇਨਸਾਨ ਜਾਂ ਜਥੇਬੰਦੀ, ਜਵਾਨੀ ਨੂੰ ਬਚਾਉਣ ਅਤੇ ਕਾਰਪੋਰੇਟ-ਸਰਕਾਰ ਗਠਜੋੜ ਦੇ ਖੋਟੇ ਮਨਸੂਬਿਆਂ ਨੂੰ ਫ਼ੇਲ ਕਰਨ ਲਈ ਚੱਲ ਰਹੀ ਜਦੋਜਹਿਦ ਵਿੱਚ ਆਪਣਾ ਵੱਧ ਤੋਂ ਵੱਧ ਯੋਗਦਾਨ ਪਾਵੇ।

-ਗੁਰਮੇਲ ਗਿੱਲ-ਡੈਲਟਾ (ਬੀ .ਸੀ.)

Email: gillgs2007@gmail.com

# ਸਿੱਖ ਜਥੇਬੰਦੀਆਂ ਵੱਲੋਂ ਕੈਨੇਡਾ ਵਿੱਚ ਸਿੱਖ ਆਗੂ ਦੇ ਕਤਲ ਦੀ ਜਾਂਚ ਅਤੇ ਇਨਸਾਫ਼ ਲਈ ਪੁਕਾਰ

ਓਟਾਵਾ:ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ ਕੈਨੇਡਾ ਵਿੱਚ ਸਿੱਖ ਆਗੂਆਂ ਨੇ ਆਪਣੇ ਭਾਈਚਾਰੇ ਵਿਰੁੱਧ ਸੰਭਾਵੀ ਖਤਰਿਆਂ ਨੂੰ ਰੋਕਣ ਲਈ ਹੋਰ ਕਦਮ ਚੁੱਕਣ ਲਈ ਕੈਨੇਡਾ ਸਰਕਾਰ ਨੂੰ ਕਿਹਾ ਹੈ।ਵਰਲਡ ਸਿੱਖ ਆਰਗੇਨਾਈਜੇਸ਼ਨ ਆਫ ਕੈਨੇਡਾ ਦੇ ਬੋਰਡ ਮੈਂਬਰ ਮੁਖਬੀਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਨਿੱਝਰ ਦੇ ਕਤਲ ਪਿਛੇ ਭਾਰਤ ਦਾ ਹੱਥ ਹੋਣ ਦੇ ਖੁਲਾਸੇ ਨੇ ਕੈਨੇਡੀਅਨਾਂ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ। "ਪਰ ਸਿੱਖ ਭਾਈਚਾਰੇ ਲਈ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ," ਸਿੱਖਾਂ ਨੂੰ ਪਤਾ ਹੀ ਸੀ ਇਸ ਕਤਲ ਪਿਛੇ ਕੌਣ ਹਨ।ਮੁਖਬੀਰ ਸਿੰਘ ਨੇ ਕਿਹਾ ਕਿ ਭਾਰਤ ਲੰਬੇ ਸਮੇਂ ਤੋਂ ਕੈਨੇਡਾ ਵਿੱਚ ਸਿੱਖਾਂ ਦੀ "ਜਾਸੂਸੀ ਅਤੇ ਉਨਾ ਖਿਲਾਫ ਗਲਤ ਜਾਣਕਾਰੀ" ਫੈਲਾ ਕੇ ਨਿਸ਼ਾਨਾ ਬਣਾ ਰਿਹਾ ਹੈ।

ਸਿੰਘ ਦੇ ਨਾਲ ਬੋਲਦਿਆਂ, ਛਙ ਦੇ ਮੁਖੀ ਸਟੀਫਨ ਬ੍ਰਾਊਨ ਨੇ ਨਿੱਝਰ ਦੀ ਹੱਤਿਆ ਨੂੰ "ਕੈਨੇਡੀਅਨ ਪ੍ਰਭੂਸੱਤਾ ਵਿਰੁੱਧ ਬੇਮਿਸਾਲ ਹਮਲਾ" ਕਿਹਾ।ਇਸੇ ਦੌਰਾਨ ਸਵਿਟਜ਼ਰਲੈਂਡ ਦੇ ਜਨੇਵਾ ਵਿੱਚ ਸਿੱਖ ਭਾਈਚਾਰੇ ਨੇ ਭਾਰਤ ਵਿੱਚ ਨਰਿੰਦਰ ਮੋਦੀ ਸਰਕਾਰ ਦੇ ਅੱਤਿਆਚਾਰਾਂ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ।ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪ੍ਰੀਸ਼ਦ (ਯੂ.ਐਨ.ਐਚ.ਆਰ.ਸੀ.) ਦੇ ਮੁੱਖ ਦਫਤਰ ਦੇ ਸਾਹਮਣੇ ਪ੍ਰਦਰਸ਼ਨ ਦਾ ਆਯੋਜਨ ਕੀਤਾ ਗਿਆ ਸੀ, ਜਿਸ ਵਿਚ ਧਾਰਮਿਕ ਘੱਟ ਗਿਣਤੀਆਂ ਵਿਰੁੱਧ ਮੋਦੀ ਸ਼ਾਸਨ ਦੀਆਂ ਹਮਲਾਵਰ ਨੀਤੀਆਂ ਨੂੰ ਉਜਾਗਰ ਕੀਤਾ ਗਿਆ ਸੀ। ਪ੍ਰਦਰਸ਼ਨਕਾਰੀਆਂ ਨੇ ਭਾਰਤ ਵਿੱਚ ਸਿਆਸੀ ਕੈਦੀਆਂ ਦੀ ਰਿਹਾਈ ਦੀ ਵੀ ਮੰਗ ਕੀਤੀ।

ਪ੍ਰਦਰਸ਼ਨਕਾਰੀਆਂ ਨੇ ਮੋਦੀ ਵਿਰੋਧੀ ਨਾਅਰੇਬਾਜ਼ੀ ਕੀਤੀ ਅਤੇ ਦੇਸ਼ ਵਿੱਚ ਘੱਟ ਗਿਣਤੀਆਂ ਵਿਰੁੱਧ ਭਾਰਤ ਸਰਕਾਰ ਦੇ ਜ਼ੁਲਮਾਂ ਨੂੰ ਰੋਕਣ ਲਈ ਅੰਤਰਰਾਸ਼ਟਰੀ ਭਾਈਚਾਰੇ ਤੋਂ ਮਦਦ ਦੀ ਅਪੀਲ ਕੀਤੀ।ਧਰਨੇ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਭਾਰਤ ਵਿੱਚ ਸਿੱਖ ਕੌਮ ਦੇ ਹੱਕਾਂ ਲਈ ਬੋਲਣ ਵਾਲੇ ਅਤੇ ਖਾਲਿਸਤਾਨ ਦੀ ਗੱਲ ਕਰਨ ਵਾਲਿਆਂ ਨੂੰ ਗੈਰ ਸੰਵਿਧਾਨਕ ਅਤੇ ਗੈਰ ਕਾਨੂੰਨੀ ਤਰੀਕੇ ਨਾਲ ਜੇਲ੍ਹਾਂ ਵਿੱਚ ਡੱਕਿਆ ਜਾਂਦਾ ਹੈ। ਅਦਾਲਤੀ ਹੁਕਮਾਂ ਤੋਂ ਬਾਅਦ ਵੀ ਅਧਿਕਾਰੀ ਉਨ੍ਹਾਂ ਨੂੰ ਰਿਹਾਅ ਨਹੀਂ ਕਰਦੇ, ਜੋ ਕਿ ਜਨੇਵਾ ਕਨਵੈਨਸ਼ਨ ਅਤੇ ਕੌਮਾਂਤਰੀ ਕਾਨੂੰਨ ਦੇ ਵਿਰੁੱਧ ਹੈ।


ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

**ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ**

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਇਸ ਹਫਤੇ ਦੇ ਪ੍ਰੋਗਰਾਮ



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਪ੍ਰਕਾਸ਼ ਦਿਹਾੜਾ ਗੁਰੂ ਰਾਮਦਾਸ ਜੀ ਅਤੇ ਸ਼ਹੀਦੀ ਦਿਹਾੜਾ ਭਾਈ ਜਿੰਦਾ ਅਤੇ ਸੁੱਖਾ ਦਾ ਮਨਾਇਆ ਜਾਵੇਗਾ ਅਤੇ 4 ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ। 1. ਨਗਰ ਛੱਜਾਵਾਲ 2. ਨਗਰ ਬਦੋਵਾਲ ਜ਼ਿਲ੍ਹਾ ਲੁਧਿਆਣਾ 3. ਭਾਈ ਜਸਪ੍ਰੀਤ ਸਿੰਘ ਹੇਅਰ ਪਰਿਵਾਰ ਵੱਲੋਂ 4. ਭਾਈ ਸਤਨਾਮ ਸਿੰਘ ਸੰਧੂ ਪਰਿਵਾਰ ਵੱਲੋਂ ਆਪਣੀ ਬੇਟੀ ਦੇ ਜਨਮ ਦੀ ਖੁਸ਼ੀ ਵਿਚ ਇਹ ਅਖੰਡਪਾਠ ਸਾਹਿਬ 13 ਅਕਤੂਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 15 ਅਕਤੂਬਰ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*13 ਅਕਤੂਬਰ ਦਿਨ ਸ਼ੁੱਕਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਹਰਇੰਦਰਪਾਲ ਸਿੰਘ ਪਨੇਸਰ ਪਰਿਵਾਰ ਵੱਲੋਂ ਆਪਣੇ ਬੇਟੇ ਤੇਜਬੀਰ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿਚ।

*14 ਅਕਤੂਬਰ ਦਿਨ ਸ਼ਨਿਚਰਵਾਰ ਨੂੰ ਬੇਟੀ ਅਰਸ਼ਪ੍ਰੀਤ ਕੌਰ ਅਤੇ ਕਾਕਾ ਵੈਸਟਨਪ੍ਰੀਤ ਸਿੰਘ ਦਾ ਅਨੰਦਕਾਰਜ ਹੋਵੇਗਾ।

*14 ਅਕਤੂਬਰ ਦਿਨ ਸ਼ਨਿਚਰਵਾਰ ਨੂੰ ਭਾਈ ਕੁਲਦੀਪ ਸਿੰਘ ਵੱਲੋਂ ਆਪਣੀ ਪਤਨੀ ਬੀਬੀ ਰਾਜਵਿੰਦਰ ਕੌਰ ਅਤੇ ਬਜ਼ੁਰਗਾਂ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਸਵੇਰੇ 8.30 ਵਜੇ ਪਾਏ ਜਾਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

*14 ਅਕਤੂਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਹਰਪ੍ਰੀਤ ਸਿੰਘ ਪਰਿਵਾਰ ਵੱਲੋਂ ਹੋਵੇਗੀ।

*15 ਅਕਤੂਬਰ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਦਲਵਿੰਦਰ ਸਿੰਘ ਪਰਿਵਾਰ ਵੱਲੋਂ ਹੋਵੇਗੀ।

*15 ਅਕਤੂਬਰ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਪ੍ਰਦੀਪ ਸਿੰਘ ਝੱਜ ਪਰਿਵਾਰ ਵੱਲੋਂ ਹੋਵੇਗੀ।

* 18 ਅਕਤੂਬਰ ਦਿਨ ਬੁੱਧਵਾਰ ਨੂੰ ਬੇਟੀ ਸਨਦੀਪ ਕੌਰ ਅਤੇ ਕਾਕਾ ਗੁਰਵਿੰਦਰ ਸਿੰਘ ਦਾ ਅਨੰਦਕਾਰਜ ਹੋਵੇਗਾ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਜਸਵਿੰਦਰ ਸਿੰਘ ਬਡਰੁੱਖਾਂ ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 604-590-3224**

# ਨਿਰੋਲ ਸੱਚ ਤੇ ਪਹਿਰਾ ਦੇਣ ਵਾ.ਲਾ:ਗੁਰਜਿੰਦਰ ਸਿੰਘ ਰਸੀਆ

ਸੱਚ ਕਹਿਣਾ, ਸੱਚ ਤੇ ਖੜ੍ਹਨਾ ਹਰ ਇੱਕ ਦੇ ਵੱਸ ਨਹੀਂ ਹੁੰਦਾ। ਸੱਚ ਦਾ ਰਾਹ ਫੜ੍ਹਨਾ ਸੂਲੀ ਦੀ ਛਾਲ ਬਰਾਬਰ ਹੁੰਦਾ ਹੈ। ਸੱਚ ਲੱਗਦਾ ਕੌੜਾ ਹੈ ਜਦੋਂ ਕਿ ਇਸ ਦਾ ਫ.ਲ ਮਿੱਠਾ ਹੁੰਦਾ ਹੈ। ਸੱਚ ਦੀ ਬੁਨਿਆਦ ਬਹੁਤ ਲੰਬੀ ਹੁੰਦੀ ਹੈ।ਸੱਚ ਅੱਗੇ ਵੈਰੀ ਨੂੰ ਵੀ ਸਿਰ ਝੁਕਾਉਣਾ ਪੈਂਦਾ ਹੈ। ਸੱਚ ਨਿਡਰਤਾ ਪੈਦਾ ਕਰਦਾ ਹੈ, ਖ਼ੌਫ਼ ਨਾਂ ਦੀ ਕੋਈ ਚੀਜ਼ ਉਸ ਦੇ ਨੇੜੇ ਨਹੀਂ ਲੱਗਦੀ।ਸੱਚ ਦਾ ਹੌਂਸਲਾ, ਸੱਚ ਦੀ ਨੇਕੀ, ਸੱਚ ਦੀ ਸ਼ੋਭਾ, ਜਣੇ-ਖਣੇ ਨੂੰ ਨਹੀਂ ਮਿਲਦੀ, ਜਿਵੇਂ ਕਿ ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ 'ਪਾਰਸ' ਨੇ ਲਿਖਿਆ ਹੈ ਕਿ 'ਸਿੱਖ ਬਣਨ ਲਈ ਪੈਣ ਲਹੂ ਦੀਆਂ ਨਦੀਆਂ ਲੰਘਣੀਆਂ' ਓਵੇਂ ਹੀ ਸੱਚ ਦੇ ਰਸਤੇ ਤੇ ਚੱਲਣ ਲਈ ਕੁਰਬਾਨੀ ਦੀ ਲੋੜ ਪੈਂਦੀ ਹੈ। ਸਾਰੀ ਉਮਰ ਤਪੱਸਿਆ ਕਰਨੀ ਪੈਂਦੀ ਹੈ, ਫਿਰ ਹੀ ਸੱਚੇ ਮਨੁੱਖ ਦੀ ਸ਼ੋਭਾ ਫੈਲਦੀ ਹੈ। ਸਮਾਜ ਨੂੰ ਵੀ ਉਸ ਵਿਅਕਤੀ ਦੇ ਜਬਾਨੋ ਕੱਢੇ ਬੋਲਾਂ ਤੇ ਮਾਣ ਹੁੰਦਾ ਹੈ।

ਜਿਸ ਨੇ ਸੱਚ ਦੇ ਰਸਤੇ ਤੇ ਚੱਲਕੇ ਸ਼ੋਭਾ ਪਾਈ ਹੈ, ਉਹ ਹੈ ਦੇਵਤਾ ਪੁਰਸ਼ ਗੁਰਜਿੰਦਰ ਸਿੰਘ ਰਸੀਆ। ਗੁਰਜਿੰਦਰ ਸਿੰਘ ਦਾ ਜਨਮ 30 ਸਤੰਬਰ, 1970 ਨੂੰ ਮਾਤਾ ਰਜਿੰਦਰ ਕੌਰ (ਜੇ.ਬੀ.ਟੀ ਅਧਿਆਪਕਾ) ਦੇ ਪੇਟੋਂ, ਪਿਤਾ ਕਰਮ ਸਿੰਘ ਰਸੀਆ (ਲੈਕਚਰਾਰ) ਦੇ ਘਰ, ਪਿੰਡ ਬਹਾਦਰਪੁਰ, ਤਹਿਸੀਲ ਤੇ ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਉਹ ਮਾਪਿਆਂ ਦੀਆਂ ਤਿੰਨ ਔਲਾਦਾਂ ਹਨ, ਦੋ ਭੈਣਾਂ ਸੁਖਜਿੰਦਰ ਕੌਰ, ਹਰਜਿੰਦਰ ਕੌਰ ਤੇ ਭਰਾ ਗੁਰਜਿੰਦਰ ਸਿੰਘ ਰਸੀਆ ਇਕੱਲਾ ਹੀ ਹੈ। ਉਸਨੂੰ ਬਾਲ ਉਮਰ ਵਿੱਚ ਹੀ ਮਾਤਾ ਦਾ ਵਿਛੋੜਾ ਝੱਲਣਾ ਪਿਆ। ਗੁਰਜਿੰਦਰ ਸਿੰਘ ਰਸੀਏ ਦਾ ਵਿਆਹ 13 ਅਪ੍ਰੈਲ, 1997 ਨੂੰ ਪੰਜਾਬੀ ਦੀ ਪ੍ਰਸਿੱਧ ਲੇਖਿਕਾ ਬੀਬਾ ਸੁਰਿੰਦਰਪਾਲ ਕੌਰ ਨਾ.ਲ ਹੋਇਆ। ਇਨ੍ਹਾਂ ਦੇ ਘਰ ਧੀ ਗੁਰਅੰਮ੍ਰਿਤ ਕੌਰ ਤੇ ਬੇਟਾ ਗੁਰਸਿਮਰਤ ਸਿੰਘ ਦਾ ਜਨਮ ਹੋਇਆ। ਗੁਰਜਿੰਦਰ ਸਿੰਘ ਦੀ ਵਿੱਦਿਅਕ ਯੋਗਤਾ ਐੱਮ.ਏ. (ਪੰਜਾਬੀ), ਬੀ.ਐਡ (ਬੀ.ਏ ਮਿਊਜ਼ਿਕ) ਹੈ ਦੀ, ਉਨ੍ਹਾਂ ਮੁੱਢਲੀ ਪੜ੍ਹਾਈ ਅਕਾਲ ਹਾਇਰ ਸੈਕੰਡਰੀ ਸਕੂ.ਲ, ਮਸਤੂਆਣਾ ਬਹਾਦਰਪੁਰ, ਬੀ. ਏ ਅਕਾਲ ਡਿਗਰੀ ਕਾਲਜ ਮਸਤੂਆਣਾ, ਪੰਜਾਬੀ ਯੂਨੀਵਰਸਿਟੀ, (ਪਟਿਆਲਾ), ਬੀ.ਐਡ.(ਡੀ.ਏ.ਵੀ ਕਾਲਜ ਹੁਸ਼ਿਆਰਪੁਰ), ਐੱਮ. ਏ. ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਕੀਤੀ। ਗੁਰਜਿੰਦਰ ਨੇ ਸਕੂ.ਲ ਪੱਧਰ ਤੇ ਕਾਲਜ ਪੱਧਰ ਤੇ ਹੀ ਗੀਤ, ਸ਼ਬਦ ਗਾਇਨ, ਗਰੁੱਪ ਸਾਂਗ ਮੁਕਾਬਲਿਆਂ ਵਿੱਚ ਭਾਗ ਲਿਆ। ਪੰਜਾਬੀ ਯੂਨੀਵਰਸਿਟੀ ਵਿੱਚ ਢਾਡੀ ਵਾਰ ਮੁਕਾਬਲਾ ਲੜਿਆ, ਜਦੋਂ ਜੋਨਲ ਪੱਧਰ ਤੇ ਵਰੜਵਾਲ ਕਾਲਜ ਧੂਰੀ ਵਿਖੇ ਪਹਿਲਾ ਸਥਾਨ ਪ੍ਰਾਪਤ ਕੀਤਾ। ਬੀ. ਐਡ ਕਰਦਿਆਂ ਡੀ.ਏ.ਵੀ. ਕਾਲਜ, ਹੁਸ਼ਿਆਰਪੁਰ ਵੱਲੋਂ ਇੰਡੀਅਨ ਆਰਕੈਸਟਰਾ ਵਿੱਚ ਬੈਂਜੋ ਤੇ ਘੜਾ ਵਜਾਇਆ ਅਤੇ ਜੋਨਲ ਯੂਨੀਵਰਸਿਟੀ ਯੂਥ ਫੈਸਟੀਵਲ ਉੜਮੁੜ ਟਾਂਡਾ ਵਿਖੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਯੂਨੀਵਰਸਿਟੀ ਪੱਧਰ ਤੇ ਡੀ.ਏ.ਵੀ. ਕਾਲਜ, ਅਬੋਹਰ ਤੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਐੱਸ.ਡੀ.



ਕਾਲਿਜ, ਬਰਨਾਲਾ ਵਿਖੇ ਨਾਟਕ ਮੁਕਾਬਲੇ ਵਿੱਚ ਭਾਗ ਲਿਆ। ਸਕੂਲਾਂ ਤੇ ਕਾਲਿਜਾਂ ਦੇ ਸਮੇਂ ਤੋਂ ਹੀ ਉਨ੍ਹਾਂ ਦੀ ਕਲਾ ਦੀ ਪ੍ਰਸ਼ੰਸਾ ਹੋਣ ਲੱਗ ਪਈ ਸੀ।ਗੁਰਜਿੰਦਰ ਰਸੀਆ ਜੀ 19 ਜੁਲਾਈ, 1995 ਨੂੰ ਸਿੱਖਿਆ ਵਿਭਾਗ ਵਿੱਚ ਪੰਜਾਬੀ ਮਾਸਟਰ ਲੱਗ ਗਏ। ਹੁਣ ਉਨ੍ਹਾਂ ਦੀ ਲੈਕਚਰਾਰ ਦੀ ਪੋਸਟ ਹੈ।ਅੱਜ-ਕੱਲ ਉਹ ਸਰਕਾਰੀਸੀਨੀਅਰ ਸੈਕੰਡਰੀ ਸਕੂਲ, ਦਾਨਗੜ (ਬਰਨਾਲਾ) ਵਿਖੇ ਇੰਚਾਰਜ ਪ੍ਰਿੰਸੀਪਲ ਵਜੋਂ ਸੇਵਾ ਨਿਭਾਅ ਰਹੇ ਹਨ।ਉਹ ਉਹ ਸ਼੍ਰੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਰਾਹੀਂ ਵਿਦਿਆਰਥੀਆਂ ਨੂੰ ਧਰਮ ਅਤੇ ਸਾਹਿਤ ਨਾ.ਲ ਜੋੜਨ ਦੇ ਆਪਣੇ ਯਤਨ ਵੀ ਜਾਰੀ ਰੱਖਦੇ ਹਨ ਤਾਂ ਕਿ ਬੱਚੇ ਵੱਡੇ ਹੋਕੇ ਸਿੱਖ ਧਰਮ ਅਤੇ ਮਾਂ ਬੋਲੀ ਪੰਜਾਬੀ ਤੋਂ ਪਾਸਾ ਨਾਵੱਟਣ ਲੱਗ ਜਾਣ। ਸ਼੍ਰੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੁਆਰਾ ਕਰਵਾਏ ਜਾਂਦੇ ਮੁਕਾਬਲਿਆਂ ਵਿੱਚ ਉਨ੍ਹਾਂ ਨੇ ਅਨੇਕਾਂ ਵਿਦਿਆਰਥੀਆਂ ਨੂੰ ਸ਼ਬਦ ਗਾਇਨ ਕਵੀਸ਼ਰੀ, ਦਸਤਾਰ ਬੰਦੀ, ਕੁਇਜ਼ ਮੁਕਾਬਲਿਆਂ ਵਿੱਚ ਭਾਗ ਦਿਵਾ ਕੇ ਪੁਜੀਸ਼ਨਾਂ ਦਿਵਾਈਆਂ। ਅਨੇਕਾਂ ਵਿਦਿਅਰਥੀਆਂ ਦੀ ਲਿਖਾਈ ਸੁੰਦਰ ਬਣਾਕੇ, ਉਨ੍ਹਾਂ ਦੀ ਵਿੱਦਿਆ ਦਾ ਪੱਧਰ ਉੱਚਾ ਚੁੱਕਿਆ। ਮੌਕੇ ਤੇ ਹੀ ਟਿਊਨ ਬਣਾਕੇ ਸ਼ਬਦ ਪੜ੍ਹ ਦੇਣਾ ਉਸ ਲਈ ਸਰਲ ਹੈ। ਉਹ ਕਿਸੇ ਵੇਲੇ ਵੀ ਮੌਕੇ ਤੇ ਹੀ ਇੱਕ ਵਾਰ ਵਿੱਚ ਗੀਤ ਲਿਖਕੇ ਬੱਚਿਆਂ ਨੂੰ ਤਿਆਰ ਵੀ ਕਰਵਾ ਦਿੰਦਾ ਹੈ। ਅਸਲ ਵਿੱਚ ਉਹ ਵਿਦਿਆਰਥੀਆਂ ਲਈ ਅਧਿਆਪਕ, ਗੀਤਕਾਰ, ਮਿਊਜ਼ਕ ਨਿਰਦੇਸ਼ਕ ਹੈ। ਉਹ ਬੱਚਿਆਂ ਨੂੰ ਸਾਹਿਤਕ, ਵਿੱਦਿਅਕ ਅਤੇ ਖੇਡ ਗਤੀਵਿਧੀਆਂ ਸਬੰਧੀ ਸਦਾ ਹੱਲਾ ਸ਼ੇਰੀ ਦਿੰਦਾ ਰਹਿੰਦਾ ਹੈ।ਸਰਕਾਰੀ ਮਿਡਲ ਸਕੂਲ ਕੁੰਨਰਾਂ ਦੀ ਲੰਮੀ ਸੇਵਾ ਦੌਰਾਨ ਉਹ ਅਕਸਰ ਬੱਚਿਆਂ ਦੀਆਂ ਕੁਸ਼ਤੀਆਂ ਕਰਵਾਉਣ ਦਾ ਸ਼ੌਕੀਨ ਰਿਹਾ ਹੈ। ਬੱਚਿਆਂ ਦੀਆਂ ਕਵਿਤਾਵਾਂ ਲਿਖਣ ਵਿੱਚ ਉਸਨੂੰ ਬਾਕੀ ਵਿਧਾਵਾਂ ਵਾਂਗ ਵਿਸ਼ੇਸ਼ ਮੁਹਾਰਤ ਹਾਸਿਲ ਹੈ। ਉਸ ਕੋ.ਲ ਬੱਚਿਆਂ ਦੀ ਕਵਿਤਾਵਾਂ ਖਰੜਾ ਛਪਣ ਹਿਤ ਤਿਆਰ ਹੈ। ਗੁਰਜਿੰਦਰ ਬਚਪਨ ਵਿੱਚ ਹੀ ਸਿਰਫ਼ ਤਿੰਨ ਕੁ ਸਾਲ ਦੀ ਉਮਰ ਵਿੱਚ ਤੋਤਲੇ ਬੋਲਾਂ ਨਾ.ਲ ਸ਼ਬਦ ਪੜ੍ਹਦਾ ਹੁੰਦਾ ਸੀ ਅਤੇ ਸਕੂਲ ਪੜ੍ਹਦਿਆਂ ਛੋਟੀ ਉਮਰੇ ਹੀ ਹੱਥ 'ਚ ਪੈੱਨ ਫੜ੍ਹ ਕਾਪੀ ਤੇ ਗੀਤ ਬਗ਼ੈਰਾਂ ਲਿਖਦਾ ਰਹਿੰਦਾ। ਢਾਡੀ ਕਵੀਸ਼ਰਾਂ ਤੋਂ ਪ੍ਰਭਾਵਿਤ ਹੋ ਕੇ ਸਕੂਲ ਪੱਧਰ ਤੇ ਹੀ ਆਪਣੇ ਸਾਥੀਆਂ ਨਾ.ਲ ਮਿਲਕੇ ਉਸਨੇ ਤਰਜ਼ਾਂ ਤੇ ਧਾਰਮਿਕ ਗੀਤ ਲਿਖਣੇ ਸ਼ੁਰੂ ਕਰ ਦਿੱਤੇ ਸਨ ਅਤੇ ਖੂਹਾਂ ਥੜੀਆਂ ਤੇ ਖੜ੍ਹ ਕੇ ਜਾਂ ਨਗਰ ਕੀਰਤਨ ਗੁਰਪੁਰਬ ਤੇ ਗਾਉਣੇ ਸ਼ੁਰੂ ਕਰ ਦਿੱਤੇ ਸਨ। ਉਹ ਤਾਂ ਆਪਣੇ ਪਿਤਾ ਦੀ ਹੱਲਾਸ਼ੇਰੀ ਕਰਕੇ ਛੋਟੀ ਉਮਰ ਤੋਂ ਕੁੜੀ ਦੇ ਵਿਆਹ ਤੇ ਸਿੱਖਿਆਂ ਦੀ ਥਾਂ 'ਵਾਹ ਮਤੀਦਾਸ ਬਲਵੀਰ ਨੇ 'ਓਸ ਸਮੇਂ ਦਾ ਪ੍ਰਸਿੱਧ ਢਾਡੀ ਗੀਤ ਹੀ ਗਾ ਦਿੰਦਾ ਸੀ। ਇਸ ਤਰ੍ਹਾਂ ਗਾਉਣ, ਲਿਖਣ ਵੱਲ ਪ੍ਰੇਰਿਆ ਗਿਆ। ਅੱਜ-ਕੱਲ੍ਹ ਉਹ ਕਈ ਕਲਾਵਾਂ ਦਾ ਸੁਮੇਲ ਬਣ ਚੁੱਕਿਆ ਹੈ, ਜਿਵੇਂ ਗੀਤ, ਗ਼ਜ਼ਲ, ਕਹਾਣੀ, ਨਿਬੰਧ, ਕਵੀਸ਼ਰੀ, ਢਾਡੀਵਾਰ ਲਿਖਦਾ ਤੇ ਕਵੀਸ਼ਰੀ, ਗੀਤ, ਗ਼ਜ਼ਲ ਤੇ ਢਾਡੀ ਵਾਰਾਂ ਗਾਉਂਦਾ ਵੀ ਹੈ। ਗੁਰਜਿੰਦਰ ਰਸੀਏ ਦੇ ਮਨ ਤੇ ਅਨੇਕਾਂ

(ਬਾਕੀ ਸਫਾ ਬੀ-20 ਤੇ)





ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333

ATLAS
ANIMAL HOSPITAL

Open 24 Hours 7 Days a Week





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates

Tel: 604-301-0300

5696 Fraser St, Vancouver, BC, V5W 2Z4
www.atlasvetsinvancouver.com

## ਸਿਹਤ ਸੰਬੰਧੀ





# ਥਾਇਰੌਇਡ ਗ੍ਰੰਥੀ ਦੀਆਂ ਸਮੱਸਿਆਵਾਂ ਅਤੇ ਹੋਮਿਓਪੈਥਿਕ ਇਲਾਜ

ਥਾਇਰੌਇਡ ਗ੍ਰੰਥੀ ਗਰਦਨ ਦੇ ਸਾਹਮਣੇ ਅਤੇ ਬਿਲਕੁਲ ਵਿਚਾਲੇ ਸਥਿਤ ਤਿਤਲੀ ਦੀ ਸ਼ਕਲ ਵਰਗਾ ਅੰਗ ਹੈ। ਇਹ ਗ੍ਰੰਥੀ ਸਰੀਰ ਦੇ ਕਈ ਹੋਰ ਅੰਗਾਂ ਅਤੇ ਸਰੀਰਕ ਕ੍ਰਿਆਵਾਂ ਨਾਲ ਡੂੰਘਾ ਸੰਬੰਧ ਰੱਖਦੀ ਹੈ। ਜੇ ਗਰਦਨ ਵਿੱਚ ਸਾਹਮਣੇ ਗਿੱਲੜ ਬਣ ਜਾਵੇ ਤਾਂ ਪੀੜਤ ਵਿਅਕਤੀ ਦੀ ਦਿੱਖ ਉੱਤੇ ਵੀ ਇਸ ਦਾ ਮਾੜਾ ਪ੍ਰਭਾਵ ਪੈਂਦਾ ਹੈ। ਥਾਇਰੌਇਡ ਦੇ ਹਾਰਮੋਨਾਂ ਨੂੰ ਟੀ3 (ਟ੍ਰਾਈਆਇਡੋਥਰਾਇਨੌਨਿਨ) ਅਤੇ ਟੀ4 (ਥਾਇਰੌਕਸਿਨ) ਆਖਿਆ ਜਾਂਦਾ ਹੈ। ਇਹ ਹਾਰਮੋਨ ਸਰੀਰ ਦੇ ਸੈੱਲਾਂ ਨੂੰ ਊਰਜਾ ਪ੍ਰਦਾਨ ਕਰਦੇ ਹਨ। ਆਇਓਡੀਨ ਭੋਜਨ ਜਾਂ ਪਾਣੀ ਰਾਹੀਂ ਸਾਡੇ ਸਰੀਰ ਦੇ ਅੰਦਰ ਜਾਂਦੀ ਹੈ। ਆਇਓਡੀਨ ਤੱਤ ਥਾਇਰੌਇਡ ਦੇ ਵਿਕਾਸ ਅਤੇ ਹਾਰਮੋਨਾਂ ਦੇ ਬਣਨ ਲਈ ਜ਼ਰੂਰੀ ਹਨ।

ਜਦੋਂ ਥਾਇਰੌਇਡ ਗ੍ਰੰਥੀ ਸੁੱਜ ਕੇ ਵਧ ਜਾਂਦੀ ਹੈ ਤਾਂ ਇਸ ਨੂੰ ਗਿੱਲੜ ਕਿਹਾ ਜਾਂਦਾ ਹੈ। ਇਸ ਸੋਜਿਸ਼ ਜਾਂ ਫ਼ੁਲਾਵਟ ਕਰਕੇ ਸਾਹ ਰਗ ਉੱਤੇ ਦਬਾਅ ਪੈਣ ਕਾਰਣ ਖੰਘ ਜਾਂ ਸਾਹ ਵਿੱਚ ਰੁਕਾਵਟ ਅਤੇ ਭੋਜਨ ਨਲੀ ਨੱਪੀ ਜਾਣ ਨਾਲ ਰੋਟੀ ਦੀ ਬੁਰਕੀ ਲੰਘਾਉਣ ਵਿੱਚ ਮੁਸ਼ਕਲ ਆਉਂਦੀ ਹੈ। ਕਈ ਕੇਸਾਂ ਵਿੱਚ ਆਵਾਜ਼ ਵੀ ਭਾਰੀ ਹੋ ਜਾਂਦੀ ਹੈ। ਪਹਾੜੀ ਜਾਂ ਨੀਮ-ਪਹਾੜੀ ਖੇਤਰਾਂ ਵਿੱਚ ਢਲਾਣ ਉੱਤੇ ਪਾਣੀ ਵਹਿਣ ਕਾਰਣ ਅਜਿਹੇ ਭੁਗੋਲਿਕ ਖੇਤਰਾਂ ਅੰਦਰ ਆਇਓਡੀਨ ਦੀ ਘਾਟ ਹੋ ਜਾਂਦੀ ਹੈ ਅਤੇ ਅਜਿਹੇ ਖਿੱਤਿਆਂ ਵਿੱਚ ਥਾਇਰੌਇਡ ਸਮੱਸਿਆਵਾਂ ਵਧ ਸਕਦੀਆਂ ਹਨ। ਵੈਸੇ ਅੱਜ-ਕੱਲ ਆਇਓਡੀਨ ਯੁਕਤ ਲੂਣ ਦੀ ਵਰਤੋਂ ਕਾਰਣ ਅਜਿਹੇ ਕੇਸਾਂ ਵਿੱਚ ਕਾਫ਼ੀ ਸੁਧਾਰ ਆਇਆ ਹੈ। ਕਈ ਵਾਰੀ ਅਲ੍ਹੜ ਉਮਰ ਦੀਆਂ ਕੁੜੀਆਂ ਵਿੱਚ ਗ਼ਲੇ ਵਿੱਚੋਂ ਗਿੱਲੜ ਦੀ ਸੋਜ ਪੈਦਾ ਹੋ ਜਾਂਦੀ ਹੈ ਜਿਸ ਨੂੰ "ਪਿਊਬਰਟੀ ਗੌਇਟਰ" ਕਿਹਾ ਜਾਂਦਾ ਹੈ। ਥਾਇਰੌਇਡ ਗ੍ਰੰਥੀ ਵੱਲੋਂ ਸਹੀ ਮਾਤਰਾ ਵਿੱਚ ਜਦੋਂ ਹਾਰਮੋਨ ਨਾ ਬਣਾਏ ਜਾਣ ਤਾਂ ਥਾਇਰੌਇਡ ਸੰਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਵਜੋਂ ਹੋਣ ਵਾਲੀ ਬਿਮਾਰੀ ਦੋ ਤਰ੍ਹਾਂ ਦੀ ਹੁੰਦੀ ਹੈ:

1. ਹਾਇਪਰਥਾਇਰੌਇਡਿਜ਼ਮ: ਇਸ ਤੋਂ ਭਾਵ ਹੈ ਕਿ ਕੁਝ ਸਥਿਤੀਆਂ ਕਾਰਣ ਥਾਇਰੌਇਡ ਦੇ ਹਾਰਮੋਨ ਲੋੜ ਨਾਲੋਂ ਵਧੇਰੇ ਮਾਤਰਾ ਵਿੱਚ ਬਣਨੇ ਸ਼ੁਰੂ ਹੋ ਜਾਂਦੇ ਹਨ। ਅਜਿਹੇ ਰੋਗੀਆਂ ਵਿੱਚ ਪ੍ਰਗਟ ਹੋਣ ਵਾਲੇ ਲੱਛਣ ਹੇਠ ਲਿਖੇ ਅਨੁਸਾਰ ਹੁੰਦੇ ਹਨ:

1. ਥਕਾਵਟ 2. ਦਿਲ ਦੀ ਧੜਕਣ ਵਧਣੀ
3. ਫ਼ਿਕਰਮੰਦੀ ਜਾਂ ਉਦਾਸੀ
4. ਪੱਠਿਆਂ ਦੀ ਕਮਜ਼ੋਰੀ
5. ਹੱਥਾਂ ਪੈਰਾਂ ਵਿੱਚ ਕਾਂਬਾ
6. ਅੱਖਾਂ ਬਾਹਰ ਨੂੰ ਨਿਕਲਣੀਆਂ
7. ਬਹੁਤ ਜ਼ਿਆਦਾ ਗਰਮੀ ਮਹਿਸੂਸ ਕਰਨੀ
8. ਭੁੱਖ ਜ਼ਿਆਦਾ ਹੋਣੀ ਜਾਂ ਠੀਕ-ਠਾਕ ਭੋਜਨ ਖਾਣ ਦੇ ਬਾਵਜੂਦ ਸਰੀਰ ਦਾ ਭਾਰ ਨਿਰੰਤਰ ਘਟਣਾ
9. ਪੈਰਾਂ ਵਿੱਚ ਸੋਜਿਸ਼ 10. ਬੇਚੈਨੀ
11. ਲੋੜ ਨਾਲੋਂ ਜ਼ਿਆਦਾ ਬੋਲਣਾ
12. ਨਬਜ਼ ਤੇਜ਼ ਹੋਣੀ
13. ਹੱਥਾਂ ਨੂੰ ਪਸੀਨਾ ਆਉਣਾ
14. ਨੀਂਦ ਦੀਆਂ ਸਮੱਸਿਆਵਾਂ, ਆਦਿ।




ਡਾ. ਸ਼ਵੇਤਾ
MBBS, MD & DHMS (ONT.)
Abbotsford
(604) 304-2236

ਡਾ. ਆਰ.ਐੱਸ. ਸੈਣੀ
(ਹੋਮਿਓਪੈਥ)
Surrey
(604) 502-9579

2. ਹਾਇਪੋਥਾਇਰੌਇਡਿਜ਼ਮ: ਥਾਇਰੌਇਡ ਗ੍ਰੰਥੀ ਵੱਲੋਂ ਹਾਰਮੋਨਾਂ ਦੀ ਪੈਦਾਵਾਰ ਘੱਟ ਹੋਣ ਨਾਲ ਹਾਇਪੋਥਾਇਰੌਇਡਿਜ਼ਮ ਦੀ ਸਮੱਸਿਆ ਆਉਂਦੀ ਹੈ। ਇਸ ਦੇ ਹੇਠ ਲਿਖੇ ਲੱਛਣ ਹੁੰਦੇ ਹਨ:

1. ਵਜ਼ਨ ਵਧ ਜਾਣਾ
2. ਥਕਾਵਟ
3. ਸਖ਼ਤ ਅਤੇ ਖ਼ੁਸ਼ਕ ਚਮੜੀ
4. ਸੋਰਾਇਸਿਸ
5. ਅੱਖਾਂ ਉੱਪਰ ਮਾਮੂਲੀ ਸੋਜਿਸ਼
6. ਪਸੀਨਾ ਘੱਟ ਜਾਂ ਬਿਲਕੁਲ ਵੀ ਨਾ ਆਉਣਾ
7. ਭਰਵੱਟਿਆਂ ਦੇ ਵਾਲ਼ ਝੜਨੇ ਅਤੇ ਸਿਰ ਦੇ ਵਾਲ਼ ਝੜਨੇ
8. ਆਵਾਜ਼ ਭਾਰੀ ਹੋ ਜਾਣੀ
9. ਯਾਦਾਸ਼ਤ ਕਮਜ਼ੋਰ ਹੋਣੀ
10. ਦਿਮਾਗੀ ਪਰੇਸ਼ਾਨੀ
11. ਸੁਣਨ ਵਿੱਚ ਵਿਘਨ
12. ਜ਼ਿਆਦਾ ਠੰਢ ਲੱਗਣੀ
13. ਔਰਤਾਂ ਵਿੱਚ ਮਾਹਵਾਰੀ ਦੇ ਵਿਗਾੜ
14. ਆਦਮੀਆਂ ਦੇ ਜਣਨ ਅੰਗਾਂ ਸੰਬੰਧੀ ਰੋਗ, ਆਦਿ।

ਹਾਇਪੋਥਾਇਰੌਇਡ ਦੀ ਸਮੱਸਿਆ ਬੱਚਿਆਂ ਵਿੱਚ ਜਮਾਂਦਰੂ ਵੀ ਹੋ ਸਕਦੀ ਹੈ। ਬੱਚਿਆਂ ਦਾ ਬੇਹੱਦ ਸੁਸਤ ਹੋਣਾ, ਐਨਰਜੀ ਦੀ ਘਾਟ ਮਹਿਸੂਸ ਕਰਨਾ, ਕਬਜ਼, ਸਰੀਰ ਦੇ ਵਿਕਾਸ ਵਿੱਚ ਰੁਕਾਵਟ, ਆਦਿ ਬੱਚਿਆਂ ਨੂੰ ਹਾਇਪੋਥਾਇਰੌਇਡਿਜ਼ਮ ਹੋਣ ਦਾ ਸੰਕੇਤ ਹੋ ਸਕਦੇ ਹਨ। ਬੱਚਿਆਂ ਨੂੰ ਅਜਿਹੀਆਂ ਸਮੱਸਿਆਵਾਂ ਮਾਤਾ ਨੂੰ ਗਰਭ ਦੌਰਾਨ ਆਇਓਡੀਨ ਦੀ ਕਮੀ ਕਾਰਣ ਹੋ ਸਕਦੀ ਹੈ। ਥਾਇਰੌਇਡ ਗ੍ਰੰਥੀ ਵਿੱਚ ਹਾਰਮੋਨਾਂ ਦੇ ਸਤ੍ਰਾਵ ਦਾ ਪੱਧਰ ਜਾਣਨ ਲਈ ਖ਼ੂਨ ਟੈਸਟ ਦੇ ਰਾਹੀਂ ਟੀ.ਐੱਸ.ਐੱਚ. (ਥਾਇਰੌਇਡ ਨੂੰ ਹਰਕਤ ਵਿੱਚ ਲਿਆਉਣ ਵਾਲਾ ਹਾਰਮੋਨ) ਅਤੇ ਟੀ3 ਅਤੇ ਟੀ4 ਦਾ ਪਤਾ ਲਗਾਇਆ ਜਾ ਸਕਦਾ ਹੈ।ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਥਾਇਰੌਇਡਿ ਗ੍ਰੰਥੀ ਨਾਲ ਸੰਬੰਧਤ ਰੋਗਾਂ ਦਾ ਇਲਾਜ ਢੁਕਵੀਆਂ ਦਵਾਈਆਂ ਨਾਲ ਬਾਖ਼ੂਬੀ ਕੀਤਾ ਜਾਂਦਾ ਹੈ।

ਪੀੜਤ ਵਿਅਕਤੀ ਦੇ ਸਾਰੇ ਲੱਛਣਾਂ ਨੂੰ ਵਿਸਥਾਰਪੂਰਵਕ ਅਤੇ ਡੂੰਘਾਈ ਵਿੱਚ ਪਰਖਣ ਉਪਰੰਤ ਢੁਕਵੀਂ ਹੋਮਿਓਪੈਥਿਕ ਦਵਾਈ ਦੀ ਚੋਣ ਕੀਤੀ ਜਾਂਦੀ ਹੈ ਜੋ ਕਿ ਹਾਰਮੋਨਾਂ ਦੇ ਵਿੱਚ ਆਏ ਵਿਗਾੜ ਨੂੰ ਦਰੁਸਤ ਕਰਨ ਦੀ ਸਮਰੱਥਾ ਰੱਖਦਿਆਂ ਰੋਗੀ ਨੂੰ ਰੋਗ ਮੁਕਤ ਹੋਣ ਵਿੱਚ ਸਹਾਈ ਹੋ ਸਕਦੀ ਹੈ। ਰੋਗ ਦੇ ਲੱਛਣਾਂ ਦਾ ਪ੍ਰਭਾਵ ਰੋਗੀ ਉੱਪਰ ਵੱਖਰੇ-ਵੱਖਰੇ ਪੱਧਰ 'ਤੇ ਪੈਂਦਾ ਹੈ, ਜਿਵੇਂ ਕਿ ਭਾਵਨਾਤਮਕ, ਦਿਮਾਗੀ ਅਤੇ ਸਰੀਰਕ ਅਤੇ ਢੁਕਵੇਂ ਇਲਾਜ ਲਈ ਇਨ੍ਹਾਂ ਤਿੰਨੋ ਪੱਧਰਾਂ ਨੂੰ ਸਮਝਣਾ ਜ਼ਰੂਰੀ ਹੈ।

ਰੋਗ ਕਾਰਣ ਰੋਗੀ ਵਿੱਚ ਵਿਲੱਖਣ ਤਬਦੀਲੀਆਂ ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਨੂੰ ਪੀੜਤ ਮਨੁੱਖ ਲਈ ਸਹੀ ਦਵਾਈ ਲੱਭਣ ਵਿੱਚ ਸਹਾਈ ਹੁੰਦੀਆਂ ਹਨ।

ਨਸ਼ਿਆਂ ਤੋਂ ਛੁਟਕਾਰਾ ਪਾਓ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*

Surrey's Choice Rehabilitation Centre

C: 778-855-3172, F: 778-395-4113

14688-106 Ave. Surrey BC

info@nightanddayrecovery.ca www.nightanddayrecovery.ca




ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ

ਹਾਈ ਕਲਾਸ ਜਿਊਲਰ

ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ

6570 - Main St., (Between 49th & 50th) Vancouver BC

Ph: 604-327-3132

FAX: 604-327-0335

# ਹਸਗੁੱਲੇ

ਪਹਿਲਾ ਕੈਦੀ (ਦੂਜੇ ਨੂੰ), ਤੈਨੂੰ ਪੁਲਸ ਨੇ ਕਿਉਂ ਫੜਿਆ
ਦੂਜਾ, ਬੈਂਕ ਲੁੱਟਣ ਤੋਂ ਬਾਅਦ ਉਥੇ ਹੀ ਬੈਠ ਪੈਸੇ ਗਿਣਨ ਲੱਗਾ ਤਾਂ ਪੁਲਸ ਨੇ ਫੜ ਲਿਆ।
ਪਹਿਲਾ, ਉਥੇ ਹੀ ਪੈਸੇ ਗਿਣਨ ਦੀ ਕੀ ਲੋੜ ਸੀ ?
ਦੂਜਾ, ਉਥੇ ਲਿਖਿਆ ਸੀ ਕਿ ਕਾਊਂਟਰ ਛੱਡਣ ਤੋਂ ਪਹਿਲਾਂ ਪੈਸੇ ਗਿਣ ਲਵੋ, ਬਾਅਦ ਵਿੱਚ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ।

----------------

ਪੱਪੂ, ਅੱਜ ਗੁਆਂਢਣ ਨਾਲ ਮੇਰੀ ਲੜਾਈ ਹੋ ਗਈ।
ਗੱਪੂ, ਕੀ ਕਿਹਾ ਉਸ ਨੇ ਪੱਪੂ, ਕਹਿ ਕੇ ਗਈ ਹੈ ਕਿ ਦਮ ਹੈ ਤਾਂ ਇਕੱਲਾ ਆ ਕੇ ਮਿਲ। ਉਸ ਵੇਲੇ ਤੋਂ ਮਨ ਪ੍ਰੇਸ਼ਾਨ ਹੈ ਕਿ ਸਾਲੀ ਧਮਕੀ ਦੇ ਕੇ ਗਈ ਹੈ ਜਾਂ ਆਫਰ।

----------------

ਪਤਨੀ, ਮੈਂ ਦੁਬਾਰਾ ਵਿਆਹ ਕਰਾਉਣ ਦਾ ਫੈਸਲਾ ਕੀਤਾ ਹੈ।
ਪਤੀ, ਅਜਿਹਾ ਕਿਉਂ ਪਤਨੀ, ਕਿਉਂਕਿ ਸਾਡੇ ਪਿਛਲੇ ਵਿਆਹ ਦੀ ਫੋਟੋ ਨੂੰ ਬਹੁਤ ਘੱਟ ਲਾਈਕਸ ਮਿਲੇ ਹਨ।

----------------

ਅਧਿਆਪਕਾ, ਜੇ ਆਪਣਾ ਕਰੈਕਟਰ ਸੁਧਾਰਨਾ ਚਾਹੁੰਦੇ ਹੋ ਤਾਂ ਆਪਣੀ ਟੀਚਰ ਨੂੰ ਆਪਣੀ ਮਾਂ ਸਮਾਨ ਸਮਝੋ।
ਵਿੱਦਿਆਰਥੀ, ਕੀ ਗੱਲ ਕਰਦੇ ਹੋ ਮੈਡਮ, ਫਿਰ ਇਸ ਨਾਲ ਤਾਂ ਸਾਡੇ ਪਾਪਾ ਦਾ ਕਰੈਕਟਰ ਖਰਾਬ ਹੋ ਜਾਵੇਗਾ।
ਮੈਡਮ ਬੇਹੋਸ਼।

----------------

ਸੋਨੂੰ, ਜੇ ਪਤਨੀ ਕੋਈ ਕੰਮ ਕਹੇ ਤਾਂ ਉਸ ਨੂੰ ਤੁਰੰਤ ਨਾ ਕਰੋ।
ਮੋਨੂੰ, ਅਜਿਹਾ ਕਿਉਂ ?
ਸੋਨੂੰ, ਹੋ ਸਕਦਾ ਹੈ ਚਾਰ ਗਾਲ੍ਹਾਂ ਸੁਣਾਉਣ ਤੋਂ ਬਾਅਦ ਉਹ ਖੁਦ ਹੀ ਉੱਠ ਕੇ ਕਰ ਲਵੇ।
ਸੁਨੀਤਾ, ਮੋਟਾਪਾ ਵੱਧ ਰਿਹਾ ਹੈ, ਇਸ ਲਈ ਅੱਜ ਕੱਲ੍ਹ ਬਾਹਰ ਖਾਣਾ ਬਿਲਕੁੱਲ ਬੰਦ ਕਰ ਦਿੱਤਾ ਹੈ।
ਵਨੀਤਾ, ਤਾਂ ਕੀ ਫਾਸਟ ਫੂਡ ਖਾਂਦੀ ਹੀ ਨਹੀਂ ?
ਸੁਨੀਤਾ, ਪੈਕ ਕਰਵਾ ਕੇ ਘਰ ਲੈ ਆਉਂਦੀ ਹਾਂ, ਫਿਰ ਖਾਂਦੀ ਹਾਂ।

----------------

ਰਮੇਸ਼, ਭਾਰਤ ਦੇ ਲੋਕ ਗਿਫਟਸ ਲਈ ਥੈਂਕਸ ਨਹੀਂ ਕਰਦੇ।
ਸੁਰੇਸ਼, ਤਾਂ ਕੀ ਕਰਦੇ ਹਨ ਰਮੇਸ਼, ਕਹਿੰਦੇ ਹਨ – ਹੀ... ਹੀ... ਹੀ... ਇਸ ਦੀ ਕੀ ਲੋੜ ਸੀ।

----------------

ਪਤਨੀ, ਕੁਝ ਸਾਲ ਪਹਿਲਾਂ ਮੇਰੀ ਫਿੱਗਰ ਪੈਪਸੀ ਦੀ ਬੋਤਲ ਵਰਗੀ ਸੀ।
ਪਤੀ, ਉਹ ਤਾਂ ਹੁਣ ਵੀ ਹੈ।
ਪਤਨੀ, ਸੱਚ "




ਪਤੀ, ਹਾਂ, ਪਹਿਲਾਂ ਬੋਤਲ 300 ਐੱਮ. ਐਲ. ਦੀ ਸੀ, ਹੁਣ 2 ਲਿਟਰ ਦੀ ਹੈ।

----------------

ਪਿਤਾ:- ਬੇਟਾ ਗਿਣਤੀ ਸਿੱਖ ਗਏ ?
ਬੇਟਾ:- ਹਾਂ ਪਾਪਾ।
ਪਿਤਾ:- ਤਾਂ ਦੱਸੋ 1, 2, 3, 4 ਤੋਂ ਬਾਅਦ ਕੀ ਆਉਂਦਾ ਹੈ ?
ਬੇਟਾ:- 5, 6
ਪਿਤਾ:- ਸ਼ਾਬਾਸ਼ ਅਤੇ 5, 6 ਤੋਂ ਬਾਅਦ
ਬੇਟਾ,:-7, 8, 9, 10
ਪਿਤਾ, ਸ਼ਾਬਾਸ਼! ਬਹੁਤ ਹੁਸ਼ਿਆਰ ਹੋ ਗਿਆ ਏਂ ਤੂੰ ਤਾਂ। ਹੋਰ ਦੱਸੋ 10 ਤੋਂ ਬਾਅਦ ਕੀ ਆਉਂਦਾ ਹੈ
ਬੇਟਾ, ਗੁਲਾਮ, ਬੇਗਮ, ਬਾਦਸ਼ਾਹ।

----------------

ਵਿਆਹ ਦੌਰਾਨ ਕੁੜੀ ਸ਼ਰਮਾਉਂਦੀ ਹੋਈ ਬੋਲੀ,''ਸੁਣੋ ਜੀ, ਅੱਜ ਤੋਂ ਤੁਹਾਡੇ ਬਿਨਾਂ ਮੈਂ ਨਹੀਂ ਅਤੇ ਮੇਰੇ ਬਿਨਾਂ ਤੁਸੀਂ ਨਹੀਂ।" ਵਿਆਹ ਤੋਂ ਚਾਰ ਸਾਲ ਬਾਅਦ ਉਹੋ ਪਤਨੀ, ''ਕੁੱਤੇ ਰੁੱਕ ਜਾ, ਅੱਜ ਜਾਂ ਤੂੰ ਨਹੀਂ ਜਾਂ ਮੈਂ ਨਹੀਂ।"

********

ਗਰਲਫ੍ਰੈਂਡ, ''ਇਸ ਹਫਤੇ ਰੋਜ਼ ਸ਼ਾਪਿੰਗ ਕਰਾਂਗੇ, ਅਗਲੇ ਹਫਤੇ ਰੋਜ਼ ਫਿਲਮਾਂ ਦੇਖਾਂਗੇ।"
ਬੁਆਏਫਰੈਂਡ, ''ਉਸ ਤੋਂ ਅਗਲੇ ਹਫਤੇ ਰੋਜ਼ ਮੰਦਰ ਜਾਵਾਂਗੇ।"
ਗਰਲਫਰੈਂਡ, ''ਉਹ ਕਿਉਂ?"
ਬੁਆਏਫ੍ਰੈਂਡ, ''ਭੀਖ ਮੰਗਾਂਗੇ।"
ਇੱਕ ਸ਼ਰਾਬੀ ਨੇ ਆਪਣੀ ਪਤਨੀ ਨੂੰ ਆਫਿਸ ਪਾਰਟੀ ਤੋਂ ਐਸ ਐਮ ਐਸ ਕੀਤਾ, 'ਪਾਰਟੀ ਖਤਮ ਹੋਣ ਵਾਲੀ ਹੈ, ਇਹ ਆਖਰੀ ਪੈਗ ਹੈ, ਮੈਂ ਅੱਧੇ ਘੰਟੇ ਵਿੱਚ ਘਰ ਪਹੁੰਚ ਜਾਵਾਂਗਾ, ਜੇ ਨਾ ਪਹੁੰਚਿਆ ਤਾਂ ਇਸ ਐਸ ਐਮ ਐਸ ਨੂੰ ਮੁੜ ਪੜ੍ਹ ਲਵੀਂ, ਯੂਅਰ ਲਵ।'

********

ਪ੍ਰੇਮੀ-ਪ੍ਰੇਮਿਕਾ ਨੇ ਜਦ ਇੱਕ ਦੂਜੇ ਨਾਲ ਵਿਆਹ ਕਰਨ ਦਾ ਵਾਅਦਾ ਕਰ ਲਿਆ ਤਾਂ ਪ੍ਰੇਮਿਕਾ ਬੋਲੀ, 'ਡਾਰਲਿੰਗ, ਇੱਕ ਗੱਲ ਮੈਂ ਸਾਫ ਦੱਸ ਦਿਆਂ ਕਿ ਮੈਨੂੰ ਖਾਣਾ ਬਣਾਉਣਾ ਨਹੀਂ ਆਉਂਦਾ।'
ਪ੍ਰੇਮੀ, ''ਕੋਈ ਗੱਲ ਨਹੀਂ ਡਾਰਲਿੰਗ, ਮੈਂ ਵੀ ਪਹਿਲਾਂ ਹੀ ਦੱਸ ਦੇਣਾ ਚਾਹੁੰਦਾ ਹਾਂ ਕਿ ਮੈਂ ਕਵੀ ਹਾਂ ਅਤੇ ਮੇਰੇ ਘਰ 'ਚ ਪਕਾਉਣ ਲਈ ਕੁਝ ਹੈ ਹੀ ਨਹੀਂ।"

********

ਮਹਾਤਮਾ (ਸ਼ਰਾਬੀ ਨੂੰ), ''ਤੇਰੇ ਸਾਹਾਂ 'ਚ ਸ਼ਰਾਬ ਦੀ ਇੰਨੀ ਬਦਬੂ ਆਉਂਦੀ ਹੈ ਕਿ ਤੈਨੂੰ ਸਵਰਗ 'ਚ ਤਾਂ ਕੀ, ਨਰਕ 'ਚ ਵੀ ਜਗ੍ਹਾ ਨਹੀਂ ਮਿਲੇਗੀ...।"
ਸ਼ਰਾਬੀ, ''...ਪਰ ਮਹਾਤਮਾ ਜੀ, ਮਰਨ ਤੋਂ ਬਾਅਦ ਤਾਂ ਮੈਂ ਆਪਣੇ ਸਾਹ ਇਥੇ ਹੀ ਛੱਡ ਜਾਵਾਂਗਾ।"

********

ਪਿਤਾ (ਬੇਟੇ ਨੂੰ), ''ਦੇਖੋ ਬੇਟਾ, ਜੂਆ ਨਹੀਂ ਖੇਡਦੇ।
ਇਹ ਅਜਿਹੀ ਆਦਤ ਹੈ ਕਿ ਜੇ ਇਸ 'ਚ ਅੱਜ ਜਿੱਤੋਂਗਾ ਤਾਂ ਕੱਲ੍ਹ ਨੂੰ ਹਾਰੋਂਗਾ, ਪਰਸੋਂ ਜਿੱਤੋਂਗਾ ਤਾਂ ਉਸ ਤੋਂ ਅਗਲੇ ਦਿਨ ਹਾਰ ਜਾਵੇਂਗਾ...।"
ਬੇਟਾ, ''ਬਸ ਪਿਤਾ ਜੀ, ਮੈਂ ਸਮਝ ਗਿਆ। ਅੱਗੇ ਤੋਂ ਮੈਂ ਇੱਕ ਦਿਨ ਛੱਡ ਕੇ ਖੇਡਿਆ ਕਰਾਂਗਾ...।"

********

ਪਤੀ (ਪਤਨੀ ਨੂੰ), ''ਸੁਣਿਆ ਤੂੰ, ਕਹਿੰਦੇ ਹਨ ਕਿ ਜਿਹੜਾ ਆਦਮੀ ਜਿੰਨਾ ਜ਼ਿਆਦਾ ਬੇਵਕੂਫ ਹੁੰਦਾ ਹੈ, ਉਸ ਨੂੰ ਓਨੀ ਹੀ ਜ਼ਿਆਦਾ ਸੋਹਣੀ ਪਤਨੀ ਮਿਲਦੀ ਹੈ।"
ਪਤਨੀ (ਖੁਸ਼ ਹੋ ਕੇ), ''ਬੱਸ-ਬੱਸ ਰਹਿਣ ਵੀ ਦਿਓ, ਮੇਰੀ ਪ੍ਰਸ਼ੰਸਾ ਕਰਨ ਤੋਂ ਇਲਾਵਾ ਵੀ ਕਦੇ ਕੋਈ ਹੋਰ ਕੰਮ ਕਰ ਲਿਆ ਕਰੋ।"

**************************

ਪਤੀ ਜਨਾਬ ਸਵੇਰੇ-ਸਵੇਰੇ ਫੇਸਬੁੱਕ ਖੋਲ੍ਹ ਕੇ ਬੈਠ ਗਏ। ਉਨ੍ਹਾਂ ਦੀ ਇਕ ਗਰਲਫ੍ਰੈਂਡ ਨੇ ਸੈਂਡਵਿਚ ਦੀ ਫੋਟੋ ਅਪਲੋਡ ਕਰਕੇ ਲਿਖਿਆ, ''ਆਓ, ਨਾਸ਼ਤਾ ਕਰੀਏ।"
ਪਤੀ ਨੇ ਖੁਸ਼ ਹੋ ਕੇ ਕੁਮੈਂਟ ਕੀਤਾ, ''ਬਹੁਤ ਵਧੀਆ ਨਾਸ਼ਤਾ ਸੀ, ਮਜ਼ਾ ਆ ਗਿਆ।"
ਇਹ ਕੁਮੈਂਟ ਪਤਨੀ ਨੇ ਦੇਖ ਲਿਆ ਅਤੇ ਪਤੀ ਨੂੰ ਨਾਸ਼ਤਾ ਨਹੀਂ ਦਿੱਤਾ। ਫਿਰ ਚਾਰ ਘੰਟਿਆਂ ਬਾਅਦ
ਪਤੀ ਨੂੰ ਪੁੱਛਿਆ, ''ਖਾਣਾ ਬਣਾਵਾਂ ਜਾਂ ਤੁਸੀਂ ਦੁਪਹਿਰ ਦਾ ਖਾਣਾ ਵੀ ਫੇਸਬੁੱਕ 'ਤੇ ਹੀ ਕਰੋਗੇ?"

**************************

ਨੌਕਰਾਣੀ ਭੱਜਦੀ ਹੋਈ ਆਈ ਤੇ ਬੋਲੀ, 'ਮਾਲਕਣ, ਤੁਹਾਡੀ ਸੱਸ ਨੂੰ ਤਿੰਨ ਔਰਤਾਂ ਕੁੱਟ ਰਹੀਆਂ ਹਨ।'
ਮਾਲਕਣ ਨੌਕਰਾਣੀ ਨਾਲ ਭੱਜ ਕੇ ਬਾਹਰ ਆਈ ਅਤੇ ਚੁੱਪਚਾਪ ਖੜੀ ਹੋ ਕੇ ਤਮਾਸ਼ਾ ਦੇਖਣ ਲੱਗੀ।ਨੌਕਰਾਣੀ ਬੋਲੀ, ''ਤੁਸੀਂ ਮਦਦ ਲਈ ਨਹੀਂ ਜਾਵੋਗੇ?"
ਮਾਲਕਣ, ''ਨਹੀਂ, ਉਸ ਦੇ ਲਈ ਤਿੰਨ ਹੀ ਕਾਫੀ ਹਨ।"

********

ਪਹਿਲਾ ਗੱਪੀ: "ਮੇਰੇ ਦਾਦਾ ਜੀ ਤਾਂ ਇੰਨੇ ਭੁਲੱਕੜ ਸਨ ਕਿ ਸੋਟੀ ਬਿਸਤਰੇ ਤੇ ਰੱਖਦੇ ਸਨ ਅਤੇ ਖੁਦ ਕੋਨੇ ਵਿਚ ਸੌਂ ਜਾਂਦੇ ਸਨ!"
ਦੂਜਾ ਗੱਪੀ-"ਬਸ ਮੇਰੇ ਦਾਦਾ ਜੀ ਤਾਂ ਇੰਨੇ ਭੁਲੱਕੜ ਸਨ ਕਿ 'ਪਾਨ ਬਿਸਤਰੇ ਤੇ ਥੁੱਕ ਦਿੰਦੇ ਸਨ ਦੇ ਖੁਦ ਖਿੜਕੀ ਤੋਂ ਛਾਲ ਮਾਰ ਦਿੰਦੇ ਸਨ"

*****










(ਸਫਾ ਬੀ-17 ਦੀ ਬਾਕੀ)

ਸਖਸ਼ੀਅਤਾ ਦਾ ਪ੍ਰਭਾਵ ਪਿਆ ਜਿਵੇਂ ਗੁਰੂ ਮਹਾਰਾਜ (ਦਸ ਪਾਤਸ਼ਾਹੀਆਂ) ਦਾ, ਸੰਤ ਰਾਮ ਉਦਾਸੀ, ਤੇਜਵੰਤ ਮਾਨ, ਗੁਰਮੇਲ ਮੰਡਾਹੜ, ਸੰਤ ਅਤਰ ਸਿੰਘ ਮਹਾਰਾਜ, ਮਸਤੂਆਣਾ ਸਾਹਿਬ, ਭਾਈ ਮਲਕੀਤ ਸਿੰਘ ਆਲੋਅਰਖ ਮਾਸਟਰ ਜੀ (ਸਾਧੂ ਜਨ), ਬਾਬਾ ਰਾਮ ਸਿੰਘ ਸੰਗਰੂਰ (ਸਾਧੂ ਜਨ), ਸੰਤ ਬਾਬਾ ਅਮਰੀਕ ਸਿੰਘ ਰੰਧਾਵਾ (ਬ੍ਰਹਮ ਗਿਆਨੀ), ਅੰਸ਼ ਵੰਸ਼ ਪੂਰਨ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਸਾਹਿਬ ਅਤੇ ਆਪ ਜੀ ਦੀ ਗੱਦੀ ਦੇ ਮਾਲਕ, ਬਾਬਾ ਸੇਵਾ ਸਿੰਘ ਜੀ ਤਰਮਾਲਾ ਬ੍ਰਹਮ ਗਿਆਨ ਯੂਨੀਵਰਸਿਟੀ ਗੁਰਦੁਆਰਾ ਪ੍ਰਭ ਮਿਲਣੇ ਕਾ ਚਾਓ, ਰੌਲ਼ੀ ਰੋਡ ਮੋਗਾ ।ਉਸ ਨੇ ਉਸਤਾਦ ਰਾਗੀ ਲਾਲ ਸਿੰਘ ਧਨੌਲਾ ਜੀ ਤੋਂ ਕੀਰਤਨ (ਹਰਮੋਨੀਅਮ, ਤਬਲਾ), ਉਸਤਾਦ ਰਣਜੀਤ ਸਿੰਘ ਸਾਰੰਗ ਸਾਰੰਗੀ ਵਾਦਕ (ਸਾਰੰਗ ਸਟੂਡੀਓ ਬਰਨਾਲਾ) ਜੀ ਤੋਂ ਸੁਰੰਗੀ ਅਤੇ ਉਸਤਾਦ ਕਵੀਸ਼ਰ ਗੁਰਜੰਟ ਸਿੰਘ ਸੋਹਲ (ਚਿੱਤਰਕਾਰ) ਧਨੌਲਾ ਪਾਸੋਂ ਕਵੀਸ਼ਰੀ ਅਤੇ ਛੰਦ ਰਚਣ ਦੀ ਸਿੱਖਿਆ ਪ੍ਰਾਪਤ ਕੀਤੀ। ਬੀ.ਏ ਕਰਦਿਆਂ ਉਸਨੇ ਸ਼੍ਰੀ ਸੁਰਿੰਦਰਪਾਲ ਸਿੰਘ ਸਿਦਕੀ ਅਤੇ ਬੀ.ਐਡ ਕਰਦਿਆਂ ਪ੍ਰੋਫ਼ੈਸਰ ਸ਼ਾਮ ਸੁੰਦਰ ਸ਼ਰਮਾ, ਅਤੇ ਸ਼੍ਰੀ ਰਮੇਸ਼ ਚਾਂਦ (ਤਾਇਆ ਬੰਤਾ ਸਿੰਘ ਟੀ. ਆਰਟਿਸਟ ਵੀ) ਜੀ ਦੀ ਸੰਗੀਤਕ ਸੰਗਤ ਮਾਣੀ। ਉਹ ਮੰਨਦਾ ਹੈ ਕਿ ਉਸ ਉੱਪਰ ਉਸਦੇ ਦਾਦੇ ਉਸਤਾਦ ਰਾਗੀ ਜਸਵੰਤ ਸਿੰਘ ਤੀਬਰ ਕੁਲਾਰ ਜੀ ਦੀ ਵਿਸ਼ੇਸ਼ ਕਿਰਪਾ ਜਿਹਨਾਂ ਨੇ ਉਸਦੇ ਪਿਤਾ ਜੀ ਨੂੰ ਕੀਰਤਨ ਦੀ ਦਾਤ ਦਿੱਤੀ।ਬਚਪਨ ਵਿੱਚ ਉਸਨੇ ਵੱਡੇ ਉਸਤਾਦ ਜੀ ਦਾ ਮਨੋਹਰ ਕੀਰਤਨ ਕੰਨੀ ਸੁਣਿਆ ਹੈ ਅਤੇ ਉਹਨਾਂ ਦਾ ਪਵਿੱਤਰ ਦਰਸ਼ਨ ਪ੍ਰਾਪਤ ਕੀਤਾ ਹੈ।ਹੁਣ ਵੀ ਉਹ ਹਰ ਸਾਲ ਉਹਨਾਂ ਦੀ ਯਾਦ ਵਿੱਚ ਹੋਣ ਵਾਲ਼ੇ ਸਮਾਗਮ ਵਿੱਚ ਪ੍ਰਵਾਰ ਸਮੇਤ ਹਾਜ਼ਰੀ ਭਰਦਾ ਹੈ। ਉਸਦੇ ਦਾਦਾ ਸ: ਤੇਜਾ ਸਿੰਘ ਜੀ ਤੋਂ ਲੈਕੇ ਉਸਦੀ ਧੀ ਅਤੇ ਸਪੁੱਤਰ ਤੱਕ ਚੌਥੀ ਪੀੜ੍ਹੀ ਸੰਗੀਤਮਈ ਹੈ। ਅੱਜਕਲ੍ਹ ਰਸੀਆ ਸਾਹਿਬ ਦੇ ਚੇਲੇ ਵੀ ਬਹੁਤ ਹਨ।ਜਿਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ, ਹੁਸਨ ਪ੍ਰੀਤ ਸ਼ਰਮਾ, ਜ਼ਸਨਪ੍ਰੀਤ ਸ਼ਰਮਾ, ਲਖਵੀਰ ਸਿੰਘ ਦਾਨਗੜ੍ਹ, ਰਾਗੀ ਭਾਈ ਗੁਰਪ੍ਰੀਤ ਸਿੰਘ ਕੂੰਨਰਾਂ( ਅਸਟ੍ਰੇਲੀਆ) ਤੇ ਸਕੂਲ ਦੇ ਹੋਰ ਅਣਗਿਣਤ ਬੱਚੇ। ਉਹ ਆਪਣੀ ਪਤਨੀ ਸੁਰਿੰਦਰਪਾਲ ਕੌਰ ਨੂੰ ਵੀ ਸਦਾ ਬਾਲ ਕਵਿਤਾਵਾਂ, ਅਲੋਚਨਾ ਪੇਪਰ ਅਤੇ ਹੋਰ ਸਹਿਤ ਲਿਖਣ ਸਬੰਧੀ ਹੱਲਾਸ਼ੇਰੀ ਦਿੰਦਾ ਰਹਿੰਦਾ ਹੈ, ਉਹ ਯਥਾਰਥਵਾਦੀ ਲੇਖਕ ਹੈ। ਇਹ ਵੀ ਮੰਨਦੇ ਹੈ ਕਿ ਲਿਖਣ ਦੇ ਨਾ਼ਲ-ਨਾ਼ਲ ਗ੍ਰਹਿਸਤੀ ਜੀਵਨ ਦੀ ਸਫ਼ਲਤਾ ਬਹੁਤ ਜਰੂਰੀ ਹੈ। ਤੱਕੜੀ ਪੱਲੜੇ ਬਰਾਬਰ ਹੋਣੇ ਚਾਹੀਦੇ ਹਨ।ਆਪਣੇ ਬੱਚਿਆਂ ਦੀ ਜੀਵਨ ਉਸਾਰੀ ਵੀ ਓਨੀ ਜਰੂਰੀ ਹੈ, ਜਿੰਨੀ ਕਿ ਸਮਾਜ ਸੇਵਾ।ਉਸ ਅਨੁਸਾਰ ਅਧਿਆਤਮਕ ਅਤੇ ਪਦਾਰਥਕ ਤਰੱਕੀ ਦੋਵੇਂ ਜ਼ਰੂਰੀ ਹਨ।ਉਸ ਅਨੁਸਾਰ ਗੁਰੂ ਸਾਹਿਬ ਦੇ ਉਪਦੇਸ਼ ਮਾਇਆ ਗੁਜ਼ਰਾਨ ਤੇ ਪਹਿਰਾ ਦੇਣਾ ਵੀ ਜ਼ਰੂਰੀ ਹੈ। ਪਰ ਗਿਆਨ ਤੋਂ ਬਿਨਾ ਕੱਲੀ ਮਾਇਆ ਵੀ ਇਨਸਾਨ ਨੂੰ ਨੇਰ੍ਹ ਖਾਤੇ ਵਿੱਚ ਸੁੱਟਦੀ ਹੈ।ਗੁਰਜਿੰਦਰ ਰਸੀਏ ਦੀ ਜ਼ਿੰਦਗੀ ਵਿੱਚ ਕਾਫ਼ੀ ਵੱਡਾ ਮੋੜ ਆਇਆ ਜਦੋਂ ਉਨ੍ਹਾਂ ਨੂੰ ਸੰਤਾਂ ਦੀ ਸੰਗਤ ਪ੍ਰਾਪਤ ਹੋਈ। ਜੈਸੀ ਸੰਗਤ ਵੈਸੀ ਰੰਗਤ। ਉਹ ਸੰਤਾਂ ਦੀ ਸੰਗਤ ਕਰਕੇ ਨਾਸਤਕ ਤੋਂ ਆਸਤਕ ਬਣ ਗਿਆ। ਕਾਮਰੇਡ ਤਰਕਸ਼ੀਲ ਤੋਂ ਸਤੋ-ਸੱਤ ਕਹਿਣ ਵਾਲਾ ਸਿੱਖ ਬਣ ਗਿਆ। ਭਾਵੇਂ ਉਹ ਸਿੱਖੀ ਵੱਲ ਵੱਧ ਪ੍ਰੇਰਿਆ ਗਿਆ, ਪਰ ਮਾਂ ਬੋਲੀ ਪੰਜਾਬੀ ਨਾ਼ਲ ਪਿਆਰ ਨਹੀਂ ਘਟਾਇਆ, ਸਗੋਂ ਵਧਾਇਆ ਹੈ। ਹਰ ਸਮਾਜ ਸੇਵਾ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ। ਸਿਰਫ਼ ਉਹ ਨਿੰਦਣ, ਭੰਡਣ ਵਾਲ਼ਿਆਂ ਤੋਂ ਦੂਰ ਹੋਇਆ ਹੈ, ਚੰਗੇ ਕੰਮ ਕਰਨ ਵਾ਼ਲੇ ਵਿਆਕਤੀਆਂ ਨਾ਼ਲ, ਬੁੱਧੀਜੀਵੀ ਵਿਦਵਾਨਾਂ ਨਾ਼ਲ ਉਸ ਦਾ ਮੇਲ ਵਧਿਆ ਨਜ਼ਰ ਆਉਂਦਾ ਹੈ। ਹਰ ਚੰਗੇ ਕੰਮ ਲਈ ਉਨ੍ਹਾਂ ਦਾ ਹਾਂ ਪੱਖੀ ਹੁੰਗਾਰਾ ਹੁੰਦਾ ਹੈ। ਦੀਨ-ਦੁਖੀਆਂ, ਗਰੀਬਾਂ ਦੀ ਮੱਦਦ ਵਿੱਤ ਮੁਤਾਬਕ ਕਰਦਾ ਹੀ ਰਹਿੰਦਾ ਹੈ। ਉਹ ਸਾਊ, ਦਿਆਵਾਨ, ਬੀਬਾ ਮਨੁੱਖ ਹੈ। ਕਹਿਣੀ ਕਰਨੀ ਦਾ ਪੂਰਾ, ਸੁਭਾਅ ਦਾ ਮਿਲਾਪੜਾ, ਖੁਸ਼ਦਿਲ, ਸੰਘਰਸ਼ੀ ਇਨਸਾਨ ਹੈ। ਉਹ ਹੋਰ ਸੇਵਾਵਾਂ ਦੇ ਨਾ਼ਲ ਖ਼ੂਨਦਾਨੀਆਂ ਵਿੱਚ ਵੀ ਕਈ ਵਾਰ ਆਪਣਾ ਯੋਗਦਾਨ ਪਾ ਚੁੱਕਾ ਹੈ ਤਾਂ ਕਿ ਖ਼ੂਨ ਦਿੱਤਿਆ ਕਿਸੇ ਦੀ ਅਣਮੁੱਲੀ ਜਾਨ ਬਚ ਸਕੇ। ਇੰਝ ਉਹ ਚੰਗੇ ਨੇਕ ਕੰਮ ਕਰਨ ਵਾ਼ਲਾ ਸਿਫ਼ਤੀ ਸਖ਼ਸ਼ ਹੈ। ਵੈਸੇ ਉਹ ਸਿਫਤ, ਵਡਿਆਈ ਕਰਵਾਉਣ ਦੇ ਹੱਕ ਵਿੱਚ ਨਹੀਂ । ਉਹ ਤਾਂ ਹਰ ਚੰਗੇ ਕੰਮ ਨੂੰ ਇਨਸਾਨੀ ਫ਼ਰਜ਼ ਸਮਝਦਾ ਹੈ। ਗੁਰਜਿੰਦਰ ਰਸੀਆ ਦੀਆਂ 'ਲਲਕਾਰ ਦਾ ਮੌਸਮ' (ਗ਼ਜ਼ਲ ਸੰਗ੍ਰਹਿ), 'ਗਰੀਬ ਨਿਵਾਜ' (ਢਾਡੀ ਪ੍ਰਸੰਗ) ਪਾਠਕਾਂ ਵੱਲੋਂ ਖ਼ੂਬ ਸਲਾਹੀਆਂ ਗਈਆਂ ਹਨ। ਉਸਤਾਦ ਜੀ (ਸੰਪਾਦਿਤ ਜੀਵਨੀ ਸੱਚਖੰਡ ਵਾਸੀ ਉਸਤਾਦ ਰਾਗੀ ਜਸਵੰਤ ਸਿੰਘ ਤੀਬਰ ਕੁਲਾਰ ਜੀ, ਅੰਨ੍ਹੀ ਰੋਸ਼ਨੀ (ਸੰਪਾਦਿਤ ਕਾਵਿ ਸੰਗ੍ਰਹਿ) ਤੇ ਕੁੱਝ ਖਰੜੇ ਅਣਪ੍ਰਕਾਸ਼ਤ ਪਏ ਹਨ।ਰਸੀਆ ਸਾਹਿਬ ਦੇ ਚਾਰ ਗੀਤ ਵੀ ਰਿਕਾਰਡ ਹੋ ਚੁੱਕੇ ਹਨ, ਜਿੰਨਾਂ ਦਾ ਸਰੋਤਿਆਂ ਨੇ ਬੜਾ ਆਨੰਦ ਮਾਣਿਆ। ਜੋ ਅੱਜ ਵੀ ਸਰੋਤਿਆ ਵੱਲੋਂ ਸਲਾਹੇ ਜਾ ਰਹੇ ਹਨ। ਅਣ ਗਿਣਤ ਸੈਂਕੜਿਆਂ ਦੇ ਹਿਸਾਬ ਨਾ਼ਲ ਰਸੀਆ ਜੀ ਦੀਆਂ ਰਚਨਾਵਾਂ ਅਖਬਾਰਾਂ, ਮੈਗਜ਼ੀਨਾਂ, ਹਫਤਾਵਾਰੀ, ਮਹੀਨਾਵਾਰ, ਤਿਮਾਹੀ-ਛਿਮਾਹੀ, ਰਸਾਲਿਆ 'ਚ ਛੱਪ ਚੁੱਕੀਆਂ ਹਨ। ਉਹ ਪੰਜਾਬੀ ਮਾਂ ਬੋਲੀ ਦਾ ਮਾਣ ਵਧਾਉਣ ਲਈ ਸਾਹਿਤ ਸਭਾਵਾਂ ਦੇ ਸਮਾਗਮਾਂ ਤੇ ਜਾਕੇ ਆਪਣੇ ਚੈਨਲ 'ਅਨੰਤ ਰੰਗ ਤੇ ਨਿਊਜ਼ ਐਕਸਪ੍ਰੈਸ ਜੀ ਆਰ ਲਈ ਵੀਡੀਓ ਗ਼ਰਾਫ਼ੀ ਕਰਦਾ ਹੈ ਅਤੇ ਹਮੇਸ਼ਾਂ ਲਈ ਸਾਹਿਤ ਸਭਾਵਾਂ ਦੇ ਸਮਾਗਮਾਂ ਦੀਆਂ ਯਾਦਾਂ ਨੂੰ ਸੰਭਾਲਕੇ ਰੱਖਦਾ ਹੈ ਅਤੇ ਆਪਣੇ ਚੈਨਲ 'ਅਨੰਤ ਰੰਗ' ਦੇ ਜਰੀਏ ਇਕੱਲੇ ਪੰਜਾਬ ਹੀ ਨਹੀਂ ਸਗੋਂ ਪੂਰੀ ਦੁਨੀਆਂ ਵਿੱਚ ਬੈਠੇ ਪੰਜਾਬੀਆਂ ਤੱਕ ਪੁਚਾਉਂਦਾ ਹੈ। ਅੱਜ ਵੀਡੀਓ ਗਰਾਫੀ ਕਰਕੇ ਵੀ ਰਸੀਆ ਸਾਹਿਤਕ ਸਮਾਗਮਾਂ ਦੀ ਸ਼ਾਨ ਤੇ ਮਾਣ ਬਣਿਆ ਹੋਇਆ ਹੈ।ਰਸੀਆ ਸਾਹਿਬ ਦੀ ਹਾਜ਼ਰੀ ਬਿਨਾਂ ਸਾਹਿਤਕ ਸਮਾਗਮ ਅਧੂਰਾ ਹੀ ਜਾਪਦਾ ਹੈ। ਜੇ ਕਰ ਸੁਰ ਗਿਆਨ ਦੀ ਗੱਲ ਕਰੀਏ ਤਾਂ ਸੁਰ ਗਿਆਨੀਆਂ ਦੇ ਵਿੱਚ ਗੁਰਜਿੰਦਰ ਸਿੰਘ ਰਸੀਏ ਦਾ ਨਾਂ ਵੀ ਸ਼ਾਮਲ ਹੁੰਦਾ ਹੈ।ਢੱਡ, ਸਾਰੰਗੀ, ਤਬਲਾ, ਤੂੰਬੀ, ਹਰਮੋਨੀਅਮ, ਘੜਾ, ਢੋਲਕੀ ਵਜਾਉਣ ਦੀ ਉਹ ਮੁਹਾਰਤ ਰੱਖਦਾ ਹੈ। ਸਾਦੇਪਣ ਵਿੱਚ ਰਹਿਣ ਵਾ਼ਲੇ ਰਸੀਆ ਸਾਹਿਬ ਨੂੰ ਲੋਕ ਗਿਆਨੀ ਦਾ ਰੁਤਬਾ ਤਾਂ ਦਿੰਦੇ ਹਨ ਪਰ ਉਨ੍ਹਾਂ ਨੂੰ ਉਸ ਦੇ ਗਿਆਨ ਬਾਰੇ ਬਹੁਤੀ ਜਾਣਕਾਰੀ ਨਹੀਂ।ਉਸ ਦੇ ਅਥਾਹ ਗਿਆਨੀ ਹੋਣ ਬਾਰੇ ਤਾਂ ਉਸ ਦੇ ਨਾ਼ਲ ਰਹਿਣ ਵਾ਼ਲਾ ਕੋਈ ਵਿਦਵਾਨ ਵਿਆਕਤੀ ਹੀ ਚਾਨਣਾ ਪਾ ਸਕਦਾ ਹੈ। ਜਿਵੇਂ ਕੁੰਜੇ 'ਚ ਸਮੁੰਦਰ ਬੰਦ ਕੀਤਾ ਹੁੰਦਾ ਹੈ, ਇਸੇ ਤਰ੍ਹਾਂ ਹੀ ਪ੍ਰਿੰ: ਗੁਰਜਿੰਦਰ ਰਸੀਆ ਦੇ ਦਿਮਾਗ਼ ਦਾ ਖਜ਼ਾਨਾ ਗਿਆਨ ਨਾ਼ਲ ਨੱਕੋ-ਨੱਕ ਭਰਿਆ ਪਿਆ ਹੈ। ਪਰ ਹੈਰਾਨੀ ਦੀ ਗੱਲ ਇਹ ਕਿ ਉਸ ਵਿੱਚ ਭੋਰਾ ਵੀ ਹੰਕਾਰ, ਗੁਮਾਨ, ਮਾਣ ਨਹੀਂ। ਗਿਆਨ ਦਾ ਪ੍ਰਸਾਦ ਵੰਡਣਾ ਉਹ ਆਪਣਾ ਫ਼ਰਜ਼ ਸਮਝਦਾ ਹੈ। ਜੋ ਉਹ ਨਿਭਾਅ ਵੀ ਰਿਹਾ ਹੈ।

**ਪ੍ਰਿੰ: ਗੁਰਜਿੰਦਰ ਰਸੀਆ ਦੇ ਅਹੁਦੇ :-** ਡਾਇਰੈਕਟਰ ਅਨੰਤ ਰੰਗ ਗਰੁੱਪ ਆਫ਼ ਚੈਨਲਜ਼ ਹੈ। ਇਸ ਤਰ੍ਹਾਂ ਰਸੀਆ ਸਾਹਿਬ ਨੂੰ ਮਾਣ-ਸਨਮਾਨ ਸਾਹਿਤ ਸਭਾ ਧੂਰੀ (ਰਜਿ:), ਡਿਵਾਇਨ ਐਸਟਰੋ ਮੈਡੀਟੇਸ਼ਨ ਰਿਸ਼ਰਸ ਸੈਂਟਰ ਮਲੇਰ ਕੋਟਲਾ (ਸੁਆਮੀ ਅਨੰਦ ਗਣਤਣ ਵੱਲੋਂ), ਅਕਾਲ ਕੌਂਸਲ ਮਸਤੂਆਣਾ ਸਾਹਿਬ, ਸਾਧੂ ਸਿੰਘ ਬੇਦਿਲ (ਪੁਰਸਕਾਰ) ਮਾਲਵਾ ਪੰਜਾਬੀ ਸਾਹਿਤ ਸਭਾ (ਰਜਿ:) ਰਾਮਪੁਰਾ ਫੂਲ ਬਠਿੰਡਾ ਵੱਲੋਂ ਆਦਿ। ਸੰਨ 1980 ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਤੇ 10 ਸਾਲ ਦੇ ਗੁਰਜਿੰਦਰ ਨੂੰ ਉਨ੍ਹਾਂ ਦੇ ਮਾਤਾ-ਪਿਤਾ ਨਾ਼ਲ ਲੈ ਗਏ ਸਨ। ਉਥੇ ਉਨ੍ਹਾਂ ਨੇ ਪਾਕਿਸਤਾਨ ਵਿੱਚ ਸ਼੍ਰੀ ਨਨਕਾਣਾ ਸਾਹਿਬ, ਪੰਜਾ ਸਾਹਿਬ ਅਤੇ ਲਹੌਰ ਵੇਖਿਆ। ਸਿੱਖਾਂ ਦੇ ਪਹਿਲੇ ਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਵੇਖਕੇ ਗੁਰਜਿੰਦਰ ਰਸੀਏ ਤੋਂ ਚਾਅ ਨਹੀਂ ਚੁੱਕਿਆ ਜਾਂਦਾ ਸੀ।ਐਨੀ ਸ਼ਰਧਾ ਨਾ਼ਲ ਵੇਖਿਆ ਸੀ ਸ਼੍ਰੀ ਨਨਕਾਣਾ ਸਾਹਿਬ। ਨੇਕੀ ਤੇ ਪਰਉਪਕਾਰ ਦੇ ਰਸਤੇ ਤੇ ਚੱਲਣ ਵਾਲੇ ਗੁਰਜਿੰਦਰ ਸਿੰਘ ਰਸੀਏ ਦਾ ਕਹਿਣਾ ਹੈ ਕਿ ਸਦਾ ਆਸ਼ਾਵਾਦੀ ਰਹੋ, ਪ੍ਰਮਾਤਮਾ ਵਿੱਚ ਪੂਰਨ ਵਿਸ਼ਵਾਸ ਰੱਖ ਕੇ ਸ਼ੁਭ ਕਰਮ ਕਰਦੇ ਰਹੋ। ਜੋ ਬੀਜੋਗੇ ਸੋ ਵੱਢਣਾ ਪਏਗਾ। ਇਸ ਲਈ ਸਦਾ ਚੰਗਾ ਬੀਜੋ। ਅਜਿਹੇ ਚੰਗੇ ਵਿਚਾਰਾਂ ਵਾਲੇ ਵਿਆਕਤੀ ਦੇ ਚੰਗੇ ਵਿਚਾਰਾਂ ਤੇ ਸੰਘਰਸ਼ ਨੂੰ ਵੇਖ ਕੇ ਸਿਰ ਝੁੱਕ ਜਾਂਦਾ ਹੈ। ਅਸੀਂ ਇਹੋ ਕਾਮਨਾ ਕਰਦੇ ਹਾਂ ਕਿ ਸਾਡੇ ਵੀਰ ਗੁਰਜਿੰਦਰ ਰਸੀਆ ਜੀ ਦੀ ਪ੍ਰਮਾਤਮਾ ਲੰਬੀ ਉਮਰ ਕਰੇ ਤਾਂ ਕਿ ਉਹ ਮਾਂ ਬੋਲੀ ਪੰਜਾਬੀ ਦਾ ਖ਼ਜ਼ਾਨਾ ਹੋਰ ਭਰਪੂਰ ਕਰੇ ਅਤੇ ਆਪਣੇ ਚੰਗੇ ਵਿਚਾਰਾਂ ਨਾ਼ਲ ਸਮਾਜ ਨੂੰ ਚੰਗੇ ਰਾਹਾਂ ਤੇ ਤੋਰੇ।-

**ਦਰਸ਼ਨ ਸਿੰਘ ਪ੍ਰੀਤੀਮਾਨ**

**ਪਿੰਡ ਤੇ ਡਾਕ ਘਰ ਰਾਮਪੁਰਾ,ਤਹਿਸੀਲ ਰਾਮਪੁਰਾ ਫੂਲ**

# ਕਿਸਾਨਾਂ ਨੇ ਸਰਕਾਰ ਨੂੰ ਦਿੱਤੀ ਚੇਤਾਵਨੀ


ਦਿੱਲੀ:ਤਿੰਨ ਖੇਤੀ ਕਾਨੂੰਨਾਂ ਦੇ ਖਿਲਾਫ ਕਿਸਾਨ ਅੰਦੋਲਨ ਦੀ ਅਗਵਾਈ ਕਰਨ ਵਾਲੇ ਸੰਯੁਕਤ ਕਿਸਾਨ ਮੋਰਚਾ (ਐਸਕੇਐਮ) ਨੇ ਨਿਊਜ਼ਕਲਿੱਕ ਖ਼ਿਲਾਫ਼ ਦਰਜ ਕੀਤੀ ਗਈ ਐਫਆਈਆਰ ਵਿੱਚ ਕਿਸਾਨਾਂ ਦੇ ਪ੍ਰਦਰਸ਼ਨ 'ਤੇ ਲੱਗੇ ਦੋਸ਼ਾਂ 'ਤੇ ਇਤਰਾਜ਼ ਜਤਾਇਆ ਹੈ। ਟੈਲੀਗ੍ਰਾਫ ਦੇ ਅਨੁਸਾਰ, ਕਿਸਾਨ ਮੋਰਚਾ ਦੇ ਆਗੂਆਂ ਨੇ ਸਰਕਾਰੀ ਇਮਾਰਤਾਂ ਵਿੱਚ ਵਿਰੋਧ ਪ੍ਰਦਰਸ਼ਨ ਦੀ ਚੇਤਾਵਨੀ ਦਿੱਤੀ ਹੈ ਜੇਕਰ ਉਕਤ ਐਫਆਈਆਰ ਵਿੱਚ ਕੀਤੀਆਂ 'ਅਪਮਾਨਜਨਕ' ਟਿੱਪਣੀਆਂ ਵਾਪਸ ਨਾ ਲਈਆਂ ਗਈਆਂ। ਦਿੱਲੀ ਪੁਲਿਸ ਦੀ ਐਫਆਈਆਰ ਵਿੱਚ ਕਿਹਾ ਗਿਆ ਹੈ ਕਿ ਦੋਸ਼ੀ ਵਿਅਕਤੀਆਂ ਨੇ ਅਜਿਹੇ ਗੈਰ-ਕਾਨੂੰਨੀ ਵਿਦੇਸ਼ੀ ਫੰਡਿੰਗ ਰਾਹੀਂ ਕਿਸਾਨਾਂ ਦੇ ਵਿਰੋਧ ਨੂੰ ਵਧਾ ਕੇ ਭਾਰਤ ਵਿੱਚ ਲੋਕਾਂ ਨੂੰ ਜ਼ਰੂਰੀ ਸਪਲਾਈ ਅਤੇ ਸੇਵਾਵਾਂ ਵਿੱਚ ਵਿਘਨ ਪਾਉਣ ਅਤੇ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੀ ਸਾਜ਼ਿਸ਼ ਰਚੀ ਹੈ।


GARCHA Plumbing
Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber



ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha
604-306-3276
Big Or Small, We Do It All



Full Cleaning Service

ਦਫਤਰ, ਨਵੇਂ ਪੁਰਾਣੇ ਘਰ ਦੀ ਤਸੱਲੀਬਖਸ਼ ਸਫਾਈ ਕਰਦੇ ਹਾਂ।ਵੀਕਐਂਡ ਅਤੇ ਸ਼ਾਮ ਨੂੰ ਵੀ ਸੇਵਾਵਾਂ ਦਿੰਦੇ ਹਾਂ।

ਹੋਰ ਜਾਣਕਾਰੀ ਲਈ ਫੋਨ ਕਰੋ
604-518-4698



The Grand Taj

THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਕਾਵਿ ਕਿਆਰੀ

## ਹੇ ਪ੍ਰਾਣੀਆਂ ਤੂੰ ਨਾ ਜਾਣੀਆਂ

ਹੇ ਪ੍ਰਾਣੀਆਂ, ਤੂੰ ਨਾ ਜਾਣੀਆਂ,
ਜਿੰਦ ਦੀਆਂ ਗੁੰਝਲਾਂ, ਤੂੰ ਨਾ ਪਛਾਣੀਆਂ।
ਛੱਡ ਜਾਵੇਂਗਾ, ਸਭ ਤਜ ਜਾਵੇਂਗਾ,
ਕੱਚ ਸੱਚ ਦੀਆਂ ਕਿੰਨੀਆਂ ਕਹਾਣੀਆਂ।
ਖੁੱਸ ਜਾਣਗੇ, ਟੁੱਟ ਜਾਣਗੇ,
ਮੋਹ ਵਾਲੇ ਰਿਸ਼ਤੇ ਵੀ ਮੁੱਕ ਜਾਣਗੇ।
ਭੁੱਲ ਜਾਣਗੇ, ਰੁਲ ਜਾਣਗੇ,
ਕੀਮਤੀ ਦਿਲਾਂ ਦੇ ਮੋਤੀ ਡੁੱਲ੍ਹ ਜਾਣਗੇ।
ਰਹਿ ਜਾਣੀਆਂ ਖ਼ਾਕਾਂ ਛਾਣੀਆਂ,
ਕੱਚ ਸੱਚ ਦੀਆਂ ਕਿੰਨੀਆਂ ਕਹਾਣੀਆਂ।
ਹੇ ਪ੍ਰਾਣੀਆਂ ਤੂੰ ਨਾ ਜਾਣੀਆਂ,
ਜਿੰਦ ਦੀਆਂ ਗੁੰਝਲਾਂ, ਤੂੰ ਨਾ ਪਛਾਣੀਆਂ।
ਯਾਦ ਆਉਣਗੇ, ਦਿਲ ਬਹਿਲਾਉਣਗੇ,
ਬੋਲ ਤੇਰੇ ਮਿੱਠੇ ਨਹੀਂ ਭੁੱਲ ਪਾਉਣਗੇ।
ਫਲਸਫੇ ਤੇਰੇ ਸਦਾ ਕੰਮ ਆਉਣਗੇ,
ਤੇਰੇ ਜਾਨਸ਼ੀਨਾਂ ਨੂੰ ਉਹ ਰਾਹ ਦਿਖਾਉਣਗੇ।
ਸੁਨਹਿਰੀ ਅੱਖਰਾਂ ਦੇ ਵਿੱਚ ਰਹਿ ਜਾਣੀਆਂ,
ਕੱਚ ਸੱਚ ਦੀਆਂ ਕਿੰਨੀਆਂ ਕਹਾਣੀਆਂ।
ਹੇ ਪ੍ਰਾਣੀਆਂ ਤੂੰ ਨਾ ਜਾਣੀਆਂ,
ਜਿੰਦ ਦੀਆਂ ਗੁੰਝਲਾਂ, ਤੂੰ ਨਾ ਪਛਾਣੀਆਂ।
ਇਹ ਜੱਗ ਫਾਨੀ ਏ, ਨਾ ਕੋਈ ਤੇਰਾ ਜਾਨੀ ਏ,
ਸਭ ਦੀਆਂ ਨਜ਼ਰਾਂ 'ਚ ਬੇਈਮਾਨੀ ਏ,
ਇਹੀ ਜ਼ਿੰਦਗਾਨੀ ਇੱਕੋ ਹੀ ਨਿਸ਼ਾਨੀ ਏ,
ਕਰਦਾ ਹਰੇਕ ਇੱਥੇ ਮਨਮਾਨੀ ਏ।
ਕੀਤੀਆਂ ਕਰਾਈਆਂ ਅਸਾਂ ਪਾ ਜਾਣੀਆਂ,
ਕੱਚ ਸੱਚ ਦੀਆਂ ਕਿੰਨੀਆਂ ਕਹਾਣੀਆਂ।
ਹੇ ਪ੍ਰਾਣੀਆਂ ਤੂੰ ਨਾ ਜਾਣੀਆਂ,
ਜਿੰਦ ਦੀਆਂ ਗੁੰਝਲਾਂ, ਤੂੰ ਨਾ ਪਛਾਣੀਆਂ।
ਛੱਡ ਜਾਵੇਂਗਾ, ਸਭ ਤਜ ਜਾਵੇਂਗਾ,
ਕੱਚ ਸੱਚ ਦੀਆਂ ਕਿੰਨੀਆਂ ਕਹਾਣੀਆਂ।



**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ ਕੇ**

## ਔਰਤ

ਔਰਤ ਹਾਂ ਮੈਂ
ਦੇਵੀ ਨਹੀਂ ਹਾਂ
ਦੇਵੀ ਆਖ ਕੇ
ਨਾ ਮੰਗ ਹਰ ਵਾਰ
ਮੇਰੇ ਹੀ ਸੁਪਨਿਆਂ ਦੀ ਬਲੀ।
ਮੇਰੀਆਂ ਹੀ ਸੱਧਰਾਂ ਦਾ ਆਕਾਸ਼।
ਮੈਂ ਵੀ ਇਨਸਾਨ ਹਾਂ
ਹੱਸਦੀ ਹਾਂ, ਹੱਸਣਾ ਚਾਹੁੰਦੀ ਹਾਂ
ਨਾ ਪਾ ਵਾਸਤਾ
ਕਦੇ ਬਾਬਲ ਦੀ ਪੱਗ ਦਾ
ਕਦੇ ਮਾਂ ਦੀ ਚੁੰਨੀ ਦਾ
ਕਦੇ ਵੀਰੇ ਦੀ ਰੱਖੜੀ ਦਾ।
ਪੁੱਛੋ ਕਦੇ ਤਾਂ
ਕੀ ਚਾਹੁੰਦੀ ਹਾਂ ਮੈਂ
ਕੀ ਸੋਚਦੀ ਹਾਂ ਮੈਂ
ਕਿੰਨਾ ਕੁ ਆਕਾਸ਼ ਹੈ ਮੇਰਾ
ਚਾਬੀ ਵਾਲੀ ਗੁੱਡੀ ਨਾ ਸਮਝ
ਹੱਥਾਂ ਦੀ ਕਠਪੁਤਲੀ ਨਾ ਆਖ
ਮਿੱਟੀ ਦੀ ਮੂਰਤ ਨਾ ਸਮਝ
ਇਨਸਾਨ ਆਖ, ਇਨਸਾਨ ਸਮਝ,
ਹਾਂ ਨਿਰਜਿੰਦ, ਗੂੰਗੀ,
ਮਹਾਨ ਸਮਝੀ ਜਾਂਦੀ।
ਦੇਵੀ ਨਹੀਂ ਹਾਂ ਮੈਂ
ਬਸ ਦੇਵੀ ਨਾ ਬਣਾ
ਦੇਵੀ ਨਾ ਆਖ।

**ਮਨਿੰਦਰ ਕੌਰ ਬਸੀ**

## .ਗ਼ਜ਼ਲ

**ਅਮਰਜੀਤ ਸਨ੍ਹੇਰਵੀ**

ਗਿਰਗਿਟ ਵਾਂਗੂੰ ਰੰਗ ਵਟਾਉਣਾ ਆਉਂਦਾ ਹੈ।
ਲੋਕਾਂ ਨੂੰ ਚੱਕਰਾਂ ਵਿੱਚ ਪਾਉਣਾ ਆਉਂਦਾ ਹੈ।
ਲੋਕਾਂ ਦੇ ਨਾਲ ਠੱਗੀ ਧੋਖਾ ਕਰਨ, ਜਿਨ੍ਹਾਂ ਨੂੰ,
ਗੱਲਾਂ ਦਾ ਕੜਾਹ ਬਣਾਉਣਾ ਆਉਂਦਾ ਹੈ।
ਤਾਲ ਤੇ ਸੁਰ ਦਾ ਬੇਸ਼ੱਕ ਕੁਝ ਵੀ ਪਤਾ ਨਹੀਂ,
ਉੱਚੀਆਂ ਹੇਕਾਂ ਲਾ ਲਾ ਗਾਉਣਾ ਆਉਂਦਾ ਹੈ।
ਝੂਠ ਅਸਾਡਾ ਜ਼ਾਹਿਰ ਨਾ ਹੋ ਜਾਏ ਲੋਕਾਂ ਵਿੱਚ,
ਉਸ ’ਤੇ ਸੱਚ ਦਾ ਲੇਪ ਚੜ੍ਹਾਉਣਾ ਆਉਂਦਾ ਹੈ।
ਲਾਕਡਾਊਨ ਨੇ ਦੱਸ ਦਿੱਤਾ ਹੈ ਦੁਨੀਆਂ ਨੂੰ,
ਕੁਦਰਤ ਨੂੰ ਵੀ ਸਬਕ ਸਿਖਾਉਣਾ ਆਉਂਦਾ ਹੈ।
ਹੱਟੀਆਂ ਤਾਈਂ ਖ਼ਤਮ ਕਰੇਂਦਿਆਂ ਰਾਜਿਆਂ ਨੂੰ,
ਸ਼ੋਅਰੂਮਾਂ ਨੂੰ ਕਿੰਜ ਬਚਾਉਣਾ, ਆਉਂਦਾ ਹੈ।
ਪੰਜ ਸਾਲ ਤਾਂ ਬਿਲਕੁਲ ਵੀ ਉਹ ਬੋਲਦਾ ਨਹੀਂ,
ਚੋਣਾਂ ਵਿੱਚ ਪਰ ਸ਼ੋਰ ਮਚਾਉਣਾ ਆਉਂਦਾ ਹੈ।
ਰੰਗ ਬਿਰੰਗੇ ਭੇਸਾਂ ਵਾਲਿਆਂ ਟੋਲਿਆਂ ਨੂੰ,
ਫ਼ਿਰਕੂ ਭਾਂਬੜ ਖ਼ੂਬ ਮਚਾਉਣਾ ਆਉਂਦਾ ਹੈ।

## ਚਿਹਰਾ

**ਮਨਜੀਤ ਪਾਲ ਸਿੰਘ**


ਸ਼ੀਸ਼ੇ ਵਿੱਚੋਂ ਕਦ ਦਿੱਸਦਾ ਏ,
ਦਿਲ ਤੇ ਉੱਕਰੀ ਬਾਤ ਦਾ ਚਿਹਰਾ।
ਜ਼ਿਹਨ ਦੇ ਡੂੰਘੇ ਸਾਗਰ ਅੰਦਰ,
ਲੁਕਿਐ ਹਰ ਜਜ਼ਬਾਤ ਦਾ ਚਿਹਰਾ।
ਪੱਤੇ, ਫੁੱਲ ਤੇ ਸ਼ਾਖ਼ਾਂ ਜਦ ਵੀ,
ਬਿਖਰ ਜਾਂਦੇ ਆਕਾਰ-ਹੀਣ ਹੋ
ਕੀ ਕੀ ਦਰਦ ਲੁਕਾ ਤੱਕਦਾ ਏ,
ਕੀ ਜਾਣਾਂ ਕਾਇਨਾਤ ਦਾ ਚਿਹਰਾ।
ਲੱਖ ਮੁਸਕਾਨਾਂ ਅਤੇ ਤਿਊੜੀਆਂ,
ਲਹੂ ਦੇ ਅੰਦਰ ਗਿੜਦੇ ਜਜ਼ਬੇ
ਸੌਂ ਜਾਂਦੈ ਭਰ ਵਿੱਚ ਕਲਾਵੇ,
ਸਿਵੇ ’ਚ ਬਿਖਰੀ ਰਾਖ ਦਾ ਚਿਹਰਾ।
ਕਿਸੇ ਸਲਤਨਤ ਵਾਂਗ ਜੁੜੇ ਨੇ,
ਸੂਰਜ, ਚੰਨ, ਬੇਅੰਤ ਸਿਤਾਰੇ
ਨੂਰੋ-ਨੂਰ ਹੈ ਵਾਂਗ ਪੈਗੰਬਰ,
ਸੁਲਤਾਨ ਜਿਹੇ ਆਕਾਸ਼ ਦਾ ਚਿਹਰਾ।
ਪਰਚੇ ਨ੍ਹੇਰਿਆਂ ਨਾਲ਼ ਜੋ ਰਹਿੰਦੇ,
ਚਾਨਣ ਦੀ ਹਰ ਕਿਰਨ ਤੋਂ ਓਹਲੇ
ਦਿੰਦੈ ਦਸਤਕ ਤਾਂ ਵੀ ਆ ਕੇ,
ਨਿੱਤ ਨਵੀਂ ਪ੍ਰਭਾਤ ਦਾ ਚਿਹਰਾ।
ਕਿੰਨੇ ਝੂਠ, ਸੱਚ ਤੇ ਜਜ਼ਬੇ,
ਪਏ ਸਮਾਏ ਵਰਕਿਆਂ ਅੰਦਰ
ਦਿੱਸਦੈ ਤਾਂਹੀਓਂ ਗੁੰਮ-ਸੁੰਮ ਜੇਹਾ,
ਸ਼ਾਇਦ ਹਰ ਕਿਤਾਬ ਦਾ ਚਿਹਰਾ।

# ਏਸ਼ੀਅਨ ਖੇਡਾਂ ਬਨਾਮ ਭਾਰਤ ਦੇ ਮੈਡਲ




ਏਸ਼ੀਆਂ ਖੇਡਾਂ ‘ਚ ਭਾਰਤ ਤਮਗਾ ਸੂਚੀ ‘ਚ 100 ਦਾ ਅੰਕੜਾ ਪਾਰ ਕਰ ਲਿਆ ਹੈ। ਚੰਗੀ ਗੱਲ੍ਹ ਹੈ।ਪ੍ਰੰਤੂ ਹਾਲੇਂ ਦਿੱਲੀ ਦੂਰ ਹੈ, ਹੁਣ ਭਾਰਤ ਦੁਨੀਆਂ ਦੀ ਅਬਾਦੀ ਦੇ ਲਿਹਾਜ਼ ਨਾਲ ਸਭ ਤੋਂ ਵੱਧ ਅਬਾਦੀ ਵਾਲਾ ਮੁਲਕ ਹੈ। ਜਦੋਂ ਕਿ ਚੀਨ ਦੇ ਮੈਡਲ 400 ਦੇ ਲਗਭਗ ਹਨ। ਫ਼ਿਰ ਸਾਡੇ ਦਮਗੱਜੇ ਹਾਲੇ ਖੋਖਲੇ ਹਨ। ਅਸਲ ‘ਚ ਭਾਰਤ ‘ਚ ਖੇਡਾਂ ਦਾ ਮਾਹੌਲ ਹਾਲੇ ਤੱਕ ਬਣ ਨਹੀਂ ਸਕਿਆ।ਦੂਜੀ ਖੇਡ ਨੀਤੀ ਠੋਸ ਘੜੀ ਨਹੀਂ ਜਾ ਸਕੀ।ਭਾਈ ਭਤੀਜਾਵਾਦ ਦਾ ਹਾਲੇ ਵੀ ਬੋਲਬਾਲਾ ਹੈ। ਖੇਡ ਚੌਧਰੀਆਂ ਤੋਂ ਖਿਡਾਰਣ ਤਬਕਦੀ ਹਨ। ਅਜਿਹੇ ਖੇਡ ਚੌਧਰੀ ਦੇਸ਼ ਦੇ ਸਵੈਮਾਣ ਨੂੰ ਠੇਸ ਪਹੁੰਚਾਉਣ ਦੀ ਸਜ਼ਾ ਦੇਣ ਦੀ ਪਾਰਟੀਬਾਜ਼ੀ ਅਧਾਰਿਤ ਪੱਖਬਾਜੀ ਕੀਤੀ ਜਾਂਦੀ। ਕੁਝ ਖੇਡਾਂ ਕਿਸੇ ਸੂਬੇ ਦੀਆਂ ਚੁਲਿਤ ਖੇਡਾਂ ਹੁੰਦੀਆਂ ਹਨ। ਉਸ ਸੂਬੇ ਨੂੰ ਉਸ ਖੇਡ ‘ਚ ਵੱਧ ਪ੍ਰਤੀਨਿਸਤਾ ਮਿਲਣੀ ਚਾਹੀਦੀ ਹੈ। ਪਰ ਇਥੇ ਅਜਿਹੇ ਨਹੀ ਹੁੰਦਾ, ਖੇਡਾਂ ਤੇ ਵੀ ਕਈ ਤਰ੍ਹਾਂ ਦੀ ਰਾਜਨੀਤੀ ਭਾਰੂ ਹੋ ਜਾਂਦੀ ਹੈ। ਜਿਵੇਂ ਹਾਕੀ ਪੰਜਾਬ ਦੀ ਖੇਡ ਹੈ।ਪਰ ਪੰਜਾਬੀਆਂ ਨਾਲ ਵਿਤਕਰੇ ਦੇ ਚੱਲਦਿਆ ਹਮੇਸ਼ਾ ਉਨ੍ਹਾਂ ਦੀ ਗਿਣਤੀ ਘੱਟ ਰੱਖਣ ਦੀ ਕੋਸ਼ਿਸ ਕੀਤੀ ਜਾਂਦੀ ਸੀ, ਪਰ ਐਂਤਕੀ ਨਹੀਂ ਹੋਈ, ਜਿਸਦਾ ਨਤੀਜਾ ਸਭ ਦੇ ਸਾਹਮਣੇ ਹੈ। ਭਾਰਤ ਨੇ ਸਾਰੇ ਮੈਚ ਵੱਡੇ ਅੰਤਰ ਨਾਲ ਜਿੱਤੇ ਹਨ, ਖੇਡਾਂ ਨੂੰ ਹਮੇਸ਼ਾ ਖੇਡ ਭਾਵਨਾ ‘ਚ ਹੀ ਲੈਣਾ ਚਾਹੀਦਾ ਹੈ। ਖੇਡ ਮੰਤਰੀ ਵੀ ਕੋਈ ਖੇਡਾਂ ਵਾਲਾ ਬੰਦਾ ਹੀ ਹੋਣਾ ਚਾਹੀਦਾ ਹੈ। ਖਿਡਾਰੀ ਵਾਲੀ ਨਿਮਰਤਾ ਤੇ ਸਹਿਜਤਾ ਹਰ ਕਿਸੇ ‘ਚ ਨਹੀਂ ਆ ਸਕਦੀ, ਖੇਡਾਂ ਦੀ ਤਿਆਰੀ ਬੂਹੇ ਆਈ ਜੰਝ, ਵਿੰਨੋ ਕੁੜੀ ਦੇ ਕੰਨ” ਵਾਲੀ ਨਹੀਂ ਹੋਣੀ ਚਾਹੀਦੀ, ਇਹ ਤਿਆਰੀ ਨਿਰੰਤਰ ਚੱਲਦੀ ਰਹਿਣੀ ਚਾਹੀਦੀ ਹੈ।ਤਾਂ ਕਿ ਖਿਡਾਰੀ ਹਰ ਸਮੇਂ ਸਦਾ ਐਕਸ਼ਨ ‘ਚ ਰਹਿਣ । ਭਾਰਤ ਨੂੰ ਭਾਰਤੀਆਂ ਦੀਆਂ ਮਨਪਸੰਦ ਖੇਡਾਂ ਨੂੰ ਬਰਾਬਰਤਾ ਦੇ ਅਧਾਰ ਤੇ ਹੀ ਚਮਕਾਉਣਾ ਚਾਹੀਦਾ। ਕ੍ਰਿਕਟ ਵਾਗੂੰ ਕਿਸੇ ਇੱਕ ਖੇਡ ਨੂੰ ਗਲੈਮਰਾਈਜ਼ ਨਹੀਂ ਕਰਨਾ ਚਾਹੀਦਾ। ਜੇਤੂ ਖਿਡਾਰੀਆਂ ਨੂੰ ਮਦਦ ਰਾਸ਼ੀ ਦੀ ਪਿਰਤ ਸ਼ਲਾਘਾਯੋਗ ਹੈ। ਇਸ ਨਾਲ ਖਿਡਾਰੀ ਦਾ ਹੌਂਸਲਾ ਵੱਧਦਾ ਹੈ। ਉਹ ਇਸਨੂੰ ਸਿਰਫ਼ ਆਪਣੇ ਸ਼ੌਕ ਦੀ ਪੂਰਤੀ ਹੀ ਨਹੀਂ ਮੰਨਦੇ, ਸਗੋਂ ਰੁਜ਼ਗਾਰ ਤੇ ਘਰ ਦੀ ਗਰੀਬੀ ਦੂਰ ਕਰਨ ਦਾ ਵੀ ਸਾਧਨ ਮੰਨਣ ਲੱਗ ਪੈਂਦੇ ਹਨ। ਜਿਹੜਾ ਰੁਝਾਨ ਕਾਰਪੋਰੇਟ ਅਦਾਰਿਆਂ ਦਾ ਟੀਮਾਂ ਮੁੱਲ ਲੈਣ ਦਾ ਬਣਦਾ ਜਾ ਰਿਹਾ ਹੈ।ਉਹ ਮੁਕਾਬਲੇਬਾਜ਼ੀ ਤਾਂ ਜ਼ਰੂਰ ਵਧਾਉਂਦਾ ਹੈ ਪਰ ਅੰਤ ਨੂੰ ਨੁਕਸਾਨ ਦੇਹ ਸਾਬਤ ਹੋਵੇਗਾ।

•ਜਸਪਾਲ ਸਿੰਘ ਹੇਰਾਂ

SINGH THIND & ASSOCIATES
#208, 7110 120 Street, Surrey, BC
“ਆਪਣੇ ਭਾਈਚਾਰੇ ਦਾ ਮਾਣ”
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ
Civil Litigation
*Contract Disputes
*Construction Disputes
*Debt Collection
*Business Disputes
*Builders Lien
Divorce Cases
Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution
Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits


604.543.3886
SINGH THIND & ASSOCIATES
BARRISTERS & SOLICITORS

# FRASERVIEW MEATS

FRASERVIEW MEATS

Fresh tastes better

*The Name of Guaranteed Quality Meats*



*Number One Quality Meat in Lower Mainland*

We also sell cooked chicken
We take orders for all occassion

Serving You Since 1993

Try our Special Chicken Tikkar



Jagir S. Nagra

**604-592-2900**

#102-12047-80th Ave. Surrey (Besides Mega Fruticana)
www.fraserviewmeats.com

# Rai Express Lines Ltd.



# Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

**Call today 604-503-6900**

Email-kal@raiexpresslines.com www. raiexpressline.com

Unit 125-7475 135th Street, BC V3W 0M8

ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

# ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

**778-928-4522, 778-565-4141, 778-565-3232**


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# .Ck Auto.

## CK AUTO SERVICES LTD.

SALE
BUY 4 TIRES & GET ALLIGNMENT AT 1/2 PRICE
FLAT TYRE REPAIR FREE

40% off

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ

ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

Clearance Sale
*Limited Quantity

On All Seasons & Winter Tires
(Auplus & Comforser)







215/70R16
COMFORSER
Reg: ~~$155.00~~
Now : $70.00



235/65R17
COMFORSER
Reg: ~~$220.00~~
Now : $95.00



245/65R17
COMFORSER
Reg: ~~$240.00~~
Now : $100.00




215/70R15
GOOD YEAR INTEGRITY
Reg: ~~$120.00~~
Now : $90.00



SALE

Comforser
Size: 205/60/16
Reg Price: ~~$110~~
Sale Price : $55



Auplus
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

**Cell: 778-322-1610, Tel: 604-592-2667** #106-13112-84th Ave.,Surrey



TVTL
TAJVEER TRANSPORT LTD.

# TAJVEER

## TRANSPORT LTD.

ਸਾਨੂੰ ਕਨੇਡਾ/ਅਮਰੀਕਾ ਰੂਟਾਂ ਲਈ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ





**Ph:604-951-1515 Toll Free:1-855-882-1515**

19910-16th Ave, Langley BC V2Z 1K1

Email:info@tajveertransport.com sales@tajveertransport.com